
Reshmi's Group
ETHINIC FOOD DISTRIBUTOR
Haldiram's
PARATHA'S & NAAN'S
BACK IN STOCK BACK IN
MASALA LACHCHA PARATHA 360G
LACHCHA PARATHA 360G
METHI PARATHA 360G
HOMESTYLE PARATHA VP
AJWAIN PARATHA 360G
ALOO PARATHA 400G
GOBI PARATHA 400G
MIX VEG PARATHA 400G
ONION PARATHA 400G
PANEER ONION PARATHA 400G
TANDOORI NAAN 400G
WHOLE WHEAT NAAN 400G
ALOO KULCHA 400G
PHULKA ROTI VP
TANDOORI ROTI 400G
recommended
Authentic Flavors, Freshly Frozen: Taste Tradition with Every Bite!
AGED
444
XXL PREMIUM BASMATI RICE
RIZ BASMATI PREMIUM XXL
NET WT.: 20 LBS / 9.08 KG
FROM THE FOOT HILLS OF HIMALAYA
FROM THE REGION OF
AMRITSAR, PUNJAB
PRODUCT OF INDIA
PURE BASMATI RICE
444 XXL PREMIUM BASMATI RICE 20LB
BEST BIRYANI RICE
LONG GRAIN | PREMIUM QUALITY
PERFECT FOR:
BIRYANI
PULAO
DAILY MEALS
AROMATIC | NON-STICKY |
EXTRA FLUFFY
Siva's Lentil's
Siva's Chana Dal 2lbs
Siva's Black Eye Peas 2lbs
Siva's Kabuli Chana 2lbs
Siva's Green Whole Peas 2lbs
Siva's Whole Moth 2lbs
Siva's Urad Dal 2lbs
Siva's Moong Dal 2lbs
Siva's Moong Split Chilka 2lbs
"Also Available in 4lb, and 10lb – pick your perfect size."
WWW.RESHMISGROUP.COM
BUY NOW
For Wholesale Order at :
1120 Andover Park E,Tukwila, WA 98188,T: (206) 575-0050,
E: sales@reshmisgroup.com.


DIAMONDS!
Diamond Necklace
Wedding Sets
and
Wedding Rings
50% off
Come see our collection
ਡਾਇਮੰਡਜ !
ਅਸੀਂ ਹਣ ਡਾਇਮੰਡ ਨੈਕੁਲੇਸ, ਵਿਆਹ ਦੇ ਸੈੱਟ
ਅਤੇ ਵਿਆਹ ਲਈ ਅੰਗੂਠੀਆਂ ਵੀ ਰੱਖਦੇ ਹਾਂ
50% off
ਆ ਕੇ ਕੁਲੈਕਸ਼ਨ ਦੇਖੋ
Season Special!
Visit our store for special pricing when buying
50 grams or more of 22k Gold Jewelry!
ਸੀਜਨ ਸਪੈਸ਼ਲ !
ਜਦੋਂ ਤੁਸੀਂ 50 ਗਰਾਮ ਜਾਂ ਇਸ ਤੋਂ ਜ਼ਿਆਦਾ 22 ਕੈਰੇਟ ਦੇ ਸੋਨੇ ਦੇ ਗਹਿਣੇ ਖਰੀਦਦੇ ਹੋ
ਤਾਂ ਸਪੈਸ਼ਲ ਕੀਮਤਾਂ ਲਈ ਸਾਡੇ ਸਟੋਰੇ ਤੇ ਆਉ।
CASH FOR GOLD
ਸੋਨੇ ਬਦਲੇ ਡਾਲਰ ਲਉ
ਸਾਡੀਆਂ ਕੀਮਤਾਂ ਬਹੁਤ ਘੱਟ ਹਨ
TAJ JEWELERS
UNIQUELY DESIGNED 22KT GOLD JEWELRY
WE SELL FOR LESS
ਤਾਜ਼ ਜਿਊਲਰਜ਼
TRADE YOUR OLD GOLD FOR NEW JEWELRY
ਆਪਣੇ ਪੁਰਾਣੇ ਗਹਿਣਿਆਂ ਬਦਲੇ ਨਵੇਂ ਫੈਸ਼ਨ ਦੇ ਗਹਿਣੇ ਲਉ
22 ਕੈਰੇਟ ਸੋਨੇ ਦੀ ਜਿਊਲਰੀ ਦੇ ਨਵੇਂ ਨਵੇਂ ਡਿਜ਼ਾਈਨ
Ph:253-981-3071
10120 SE 260th St. Suite 110, Kent, WA 98030
Open: 7 Days Tuesday to Sunday 11am to 7pm, Mon 11am to 6pm
ਅਸੀਂ ਹਫਤੇ ਦੇ ਸੱਤੇ ਦਿਨ ਖੁੱਲਦੇ ਹਾਂ
ਮੰਗਲਵਾਰ ਤੋਂ ਐਤਵਾਰ ਸਵੇਰ 11ਵਜੇ ਤੋਂ ਸ਼ਾਮ 7 ਵਜੇ ਤੱਕ, ਸੋਮਵਾਰ ਸਵੇਰ 11 ਤੋਂ ਸ਼ਾਮ 6 ਵਜੇ ਤੱਕ

# ਹੜ੍ਹ ਦੀ ਮਾਰ ਹੇਠ ਠੱਗ ਲੋਕ ਸਰਗਰਮ:ਪੰਜਾਬ ਦੇ ਲੋਕਾਂ ਦੀ ਮੱਦਦ ਲਈ ਫਰਜ਼ੀ ਅਪੀਲਾਂ ਦਾ 'ਹੜ੍ਹ'

ਇੱਕ ਪਾਸੇ ਪੰਜਾਬ ਹੜ੍ਹ ਕਾਰਨ ਪਾਣੀ ਦੀ ਮਾਰ ਝੱਲ ਰਿਹਾ ਹੈ, ਦੂਜੇ ਪਾਸੇ ਸੋਸ਼ਲ ਮੀਡੀਆ 'ਤੇ ਘੁਟਾਲੇਬਾਜ਼ਾਂ ਨੇ ਫਰਜ਼ੀ ਆਈਡੀ ਬਣਾ ਕੇ ਮੱਦਦ ਦੇ ਨਾਂ 'ਤੇ ਸੰਕਟ ਦਾ ਲਾਹਾ ਲੈਣਾ ਸ਼ੁਰੂ ਕਰ ਦਿੱਤਾ ਹੈ।ਕਈ ਸੋਸ਼ਲ ਮੀਡੀਆ ਉਪਰ ਹੜ੍ਹ ਰਾਹਤ ਦੇ ਬਹਾਨੇ ਪੈਸੇ ਮੰਗ ਰਹੇ ਹਨ।ਕਿਸੇ ਵੀ ਸੰਗਠਨ ਜਾਂ ਰੇਡੀਉ ਸ਼ਟੇਸ਼ਨਾਂ ਉੱਪਰ ਲੋਕਾਂ ਨੂੰ ਦਾਨ ਕਰਨ ਤੋਂ ਪਹਿਲਾਂ ਸੰਗਠਨਾਂ ਦੀ ਅਸਲੀਅਤ ਦੀ ਪੁਸ਼ਟੀ ਜਰੂਰ ਕਰ ਲੈਣੀ ਚਾਹੀਦੀ ਹੈ ਕਿਉਂਕਿ ਮਨੁੱਖਤਾ ਦੇ ਘਾਣ ਦਾ ਫਾਇਦਾ ਚੁੱਕਦੇ ਹੋਏ ਕਈ ਰੇਡੀਉ ਸ਼ਟੇਸ਼ਨ ਲੋਕਾਂ ਨਾਲ ਠੱਗੀ ਮਾਰ ਚੁੱਕੇ ਹਨ।ਸੇਵਾ ਕਰਨ ਵਾਲੇ ਲੋਕ ਭਾਵੁਕ ਹੋਣ ਦੀ ਬਜ਼ਾਏ ਸੁਚੇਤ ਹੋਣ।ਦੋ ਚਾਰ ਦਿਨਾਂ ਨੂੰ ਪਾਣੀ ਲੱਥ ਜਾਵੇਗਾ ਫਿਰ ਆਪ ਤਸੱਲੀ ਕਰਕੇ ਆਪਣੇ ਹੱਥੀਂ ਪ੍ਰੀਵਾਰਾਂ ਦੀ ਮੱਦਦ ਕੀਤੀ ਜਾਵੇ।ਦੋ ਚਾਰ ਜਣੇ ਮਿਲਕੇ ਆਪਣੇ ਨੇੜੇ ਦੇ ਕਿਸੇ ਪ੍ਰੀਵਾਰ ਨੂੰ ਅਡਾਪਟ ਕਰ ਸਕਦੇ ਹਨ।ਉਸਦੇ ਨੁਕਸਾਨ ਦੀ ਭਰਪਾਈ ਕੀਤੀ ਜਾ ਸਕਦੀ ਹੈ।ਇਥੋਂ ਦੀਆਂ ਸਿੱਖ ਸੰਸਥਾਵਾਂ, ਗੁਰਦਵਾਰਾ ਕਮੇਟੀਆਂ ਵੀ ਇੱਕ ਇੱਕ ਪਿੰਡ ਅਡਾਪਟ ਕਰ ਸਕਦੀਆਂ ਹਨ।ਘੁਟਾਲੇਬਾਜ਼ਾਂ ਦੇ ਜਾਲ ਵਿੱਚ ਨਾ ਫਸੋ।ਸਿਰਫ ਜਾਣਕਾਰ ਜਾਂ ਤਸੱਲੀਬਖਸ਼ ਸੰਸਥਾ ਜਾਂ ਵਿਅਕਤੀ ਤੇ ਭਰੋਸਾ ਕਰੋ।ਮੱਦਦ ਜਰੂਰ ਕਰਨੀ ਚਾਹੀਦੀ ਹੈ ਪਰ ਠੱਗਾਂ ਚੋਰਾਂ ਨੂੰ ਮਾਇਆ ਨਹੀਂ ਲਟਾਉਣੀ ਚਾਹੀਦੀ।


AKAL TRAVEL

ਅਮਰੀਕਾ ਦੇ ਕਿਸੇ ਵੀ ਸ਼ਹਿਰ ਤੋਂ ਵਧੀਆ ਫਲਾਈਟਾਂ, ਵਧੀਆ ਸੇਵਾਵਾਂ ਅਤੇ ਘੱਟ ਕਿਰਾਏ ਲਈ ਸੰਪਰਕ ਕਰੋ



We Represent All Major Airline

We Will Beat Or Match Any Price

Seattle to Delhi : $785

We Issue The Ticket From India Also

Delhi Bombay Special Ask For Detail

WE ALSO DO : * NOTARY * VISA * PASSPORT * TRANSLATION

PHONE : 253-852-1984, 253-852-1985

24 HOUR EMERGENCY SERVICE 206-370-9480

TOLL FREE : 1-800-828-8543

EMAIL : FLY@AKALTRAVEL.COM

HOURS : MON TO SAT 9AM TO 7PM AND SUN 1PMTO 6PM



TUKWILA DENTAL CENTER

NEW PATIENTS & EMERGENCIES WELCOME
GENERAL DENTISTRY FOR ALL AGES

*A Caring Team for You & Your Family*

Most Crowns and Bridges are made same day with our CAD/CAM System

- General Dentistry
- Bridges
- Fillings
- Dentures
- Dental Implants
- Crowns
- Cosmetic Dentistry
- Sealants
- Treatment of Gum Disease
- Oral Surgery
- Root Canals



HARCHAND SINGH DDS PS, SARAA ABDULATEEF DDS MS, ABRAAM ABRAMOV LD, MUKTA SINGH DDS, TANVEER S BUTTAR DDS

| Hours : | | |
|---|---|---|
| | Monday | 9AM - 6PM |
| | Tuesday | 9AM - 6PM |
| | Wednesday | 9AM - 6PM |
| | Thursday | 9AM - 6PM |
| | Friday | 8AM - 4PM |

*(Fellow & Master Academy of General Dentistry)*

DENTAL LAB ON PREMISES

13955 Interurban Ave So, Tukwila, WA 98168

www.tukwiladentalcenter.com Email: tukwiladentalcenter@comcast.net

Ph: 206-431-0953, 206-241-0454, Fax: 206-439-6860



Complete Dental Care

New & Emergency Patients Welcome

-Family & Cosmetic Dentistry
-Root Canals, Wisdom Teeth Removal, Metal-free Restorations
-Bleeching, Veneer, Bonding
-Preventive & Pediatric Dentistry




ਹਰ ਤਰਾਂ ਦੇ ਦੰਦਾਂ ਦਾ ਇਲਾਜ਼ ਕਰਵਾਉਣ ਲਈ ਸੰਪਰਕ ਕਰੋ

Dr. Manpreet Dhaliwal
Dr. Navdeep Dhaliwal
Dr. Donald Hainer

Complete DENTAL CARE

Ph: 253-854-2714

SUITE #1, 10725 SE 256TH ST, KENT, WA


PUNJAB GROCERY BAZAAR
PUNJAB GROCERY
BAZAAR
OLD KK MARKET
Upto 10% oFF
• No Spend Limit
Excl. Dairy, Flour, Sweets, Vegetable & Drinks
BITTER GOURD
$1.99 LBS
LENTILS
Flat 10% Off
RED LABEL TEA
450 GM $ 6.49
1.9 LBS $ 10.49
3.9 LBS $ 22.99
Lady Finger
$1.99 LBS
ROASTED BARFI
$9.99 LBS
TOMATO
$0.49 LBS
MUSTARD OIL
$19.99 5 Litre
INDIAN CROCKERY
Get 10% Discount
Desi Gud
$ 1.99 LBS
FRESH VEGGIE CANADIAN COOKIES
$8.99
YOU CAN TEST BEFORE BUYING
DESI SAKKAR
$3.99 2 LBS
CAULIFLOWER
$0.99 Each
+1 253-854-5236
23805, 104th Ave SE, Kent, WA 98031, United States

## 26 ਦੇਸ਼ਾਂ ਨੇ ਯੁੱਧ ਖਤਮ ਹੋਣ ਤੋਂ ਬਾਅਦ ਯੂਕਰੇਨ ਵਿੱਚ ਫੌਜ ਤਾਇਨਾਤ ਕਰਨ ਦੀ ਵਚਨਬੱਧਤਾ ਪ੍ਰਗਟਾਈ:ਮੈਕਰੋਨ

ਕੀਵ:ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਵੀਰਵਾਰ ਨੂੰ ਕਿਹਾ ਕਿ ਯੂਕਰੇਨ ਦੇ 26 ਸਹਿਯੋਗੀਆਂ ਨੇ ਰੂਸ ਨਾਲ ਟਕਰਾਅ ਖਤਮ ਹੋਣ ਤੋਂ ਬਾਅਦ "ਸੁਰੱਖਿਆ ਭਰੋਸਾ ਬਲ" ਵਜੋਂ ਯੁੱਧ ਪ੍ਰਭਾਵਿਤ ਦੇਸ਼ ਵਿੱਚ ਫੌਜਾਂ ਤਾਇਨਾਤ ਕਰਨ ਦੀ ਵਚਨਬੱਧਤਾ ਪ੍ਰਗਟ ਕੀਤੀ ਹੈ।ਪੈਰਿਸ ਵਿੱਚ ਅਖੌਤੀ "ਇੱਛੁਕ ਗੱਠਜੋੜ" ਦੀ ਮੀਟਿੰਗ ਤੋਂ ਬਾਅਦ, ਮੈਕਰੋਨ ਨੇ ਕਿਹਾ ਕਿ ਦੇਸ਼ਾਂ ਨੇ ਯੂਕਰੇਨ ਵਿੱਚ ਫੌਜਾਂ ਤਾਇਨਾਤ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ - ਜਾਂ ਜ਼ਮੀਨ, ਸਮੁੰਦਰ ਜਾਂ ਹਵਾ ਵਿੱਚ ਮੌਜੂਦਗੀ ਬਣਾਈ ਰੱਖਣ ਲਈ। ਉਨ੍ਹਾਂ ਕਿਹਾ ਕਿ ਇਹ ਜੰਗਬੰਦੀ ਜਾਂ ਸ਼ਾਂਤੀ ਸਥਾਪਤ ਹੋਣ ਤੋਂ ਅਗਲੇ ਦਿਨ ਦੇਸ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕੀਤਾ ਜਾਵੇਗਾ।

## ਉੜੀਸਾ 'ਚ 'ਗਊ ਭਗਤਾਂ' ਵੱਲੋਂ ਦਲਿਤ ਦੀ ਲਿੰਚਿੰਗ

ਭੁਬਨੇਸ਼ਵਰ:ਓਡੀਸ਼ਾ ਦੇ ਦਿਓਗੜ੍ਹ ਜ਼ਿਲ੍ਹੇ ਵਿੱਚ ਗਊ ਹੱਤਿਆ ਦੇ ਸ਼ੱਕ ਵਿੱਚ 'ਗਊ ਭਗਤਾਂ' ਨੇ 35 ਸਾਲਾ ਦਲਿਤ ਦੀ ਹੱਤਿਆ ਕਰ ਦਿੱਤੀ ਤੇ ਉਸ ਦੇ ਸਾਥੀ ਨੂੰ ਗੰਭੀਰ ਜ਼ਖਮੀ ਕਰ ਦਿੱਤਾ।ਪੁਲਸ ਥਾਣਾ ਰਿਆਮਲ ਦੇ ਪਿੰਡ ਕੁੰਦੀਜੂੜੀ ਵਿੱਚ ਬੁੱਧਵਾਰ ਵਾਪਰੀ ਇਸ ਘਟਨਾ ਦੇ ਸੰਬੰਧ ਵਿੱਚ ਪੁਲਸ ਨੇ 6 ਵਿਅਕਤੀ ਗ੍ਰਿਫਤਾਰ ਕੀਤੇ ਹਨ। ਮ੍ਰਿਤਕ ਦੀ ਪਛਾਣ ਕਿਸ਼ੋਰ ਚਮਾਰ ਤੇ ਜ਼ਖਮੀ ਦੀ ਗੌਤਮ ਨਾਇਕ ਵਜੋਂ ਹੋਈ ਹੈ।ਗੁਆਂਢੀ ਪਿੰਡ ਕੌਨਸਿੱਧੀਪਾ ਦੇ ਇਹ ਵਿਅਕਤੀ ਪਸ਼ੂਆਂ ਦੀ ਚਮੜੀ ਲਾਹੁਣ ਦਾ ਕੰਮ ਕਰਦੇ ਸਨ।ਪੁਲਸ ਨੇ ਦੱਸਿਆ ਕਿ ਲੋਕਾਂ ਦੇ ਗਰੁੱਪ ਨੇ ਇਨ੍ਹਾਂ ਨੂੰ ਆਪਣੇ ਪਿੰਡ ਨੇੜੇ ਗਊ ਦਾ ਚੰਮ ਲਾਹੁੰਦਿਆਂ ਦੇਖਿਆ।ਉੱਥੇ ਗਊ ਦਾ ਸਿਰ ਵੀ ਪਿਆ ਸੀ।ਪੀੜਤ ਨੇ ਕਿਹਾ ਵੀ ਕਿ ਉਹ ਆਪਣੀ ਮਰੀ ਗਊ ਦਾ ਚੰਮ ਲਾਹ ਰਹੇ ਹਨ, ਪਰ 'ਗਊ ਭਗਤਾਂ' ਨੇ ਫਿਰ ਵੀ ਹਮਲਾ ਕਰ ਦਿੱਤਾ।ਕਿਸ਼ੋਰ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਨਾਇਕ ਨੇ ਭੱਜ ਕੇ ਜਾਨ ਬਚਾਈ।



ਹੁਣ ਕੈਂਟ ਵਿੱਚ ਵਿਜੈ ਜਿਊਲਰਜ਼ ਨੇ ਆਪਣੀ ਨਵੀਂ ਦੁਕਾਨ ਖੋਲ੍ਹ ਦਿੱਤੀ ਹੈ

Vijay JEWELLERS INC.

Specializing in 22K Gold




ਸੋਨੇ ਦੀਆਂ ਬਾਰਾਂ ਸਪੈਸ਼ਲ ਕੀਮਤਾਂ ਤੇ ਮਿਲਦੀਆਂ ਹਨ



ਅਨੇਕਾਂ ਪ੍ਰਕਾਰ ਦੇ ਗਹਿਣੇ ਲੇਟੈਸਟ ਡਿਜਾਈਨਾਂ ਵਿਚ ਲਵੋ

ਹਰੇਕ ਤਰ੍ਹਾਂ ਦੇ ਨਗ ਸਰਟੀਫਾਈਡ ਮਿਲਦੇ ਹਨ

ਅਸੀਂ ਹਰ ਤਰਾਂ ਦੇ ਗਹਿਣੇ ਰਿਪੇਅਰ ਵੀ ਕਰਦੇ ਹਾਂ

Naman Dhawan
856-325-9919, 253-277-3854

Vijay Dhawan
253-656-2666

25416 104th Ave SE, Kent, WA 98030, USA

www.vijayjewellersseattle.com vijayjewellersinc@gmail.com

# ਭਾਰੀ ਮੀਂਹ ਕਰਕੇ ਆਏ ਹੜ੍ਹ ਨਾਲ ਚਾਰੇ ਪਾਸੇ ਬਰਬਾਦੀ, ਯਮੁਨਾ ਨਦੀ ਦਾ ਪੱਧਰ ਵਧਿਆ, 43 ਪਿੰਡ ਹੋਏ ਤਬਾਹ

ਦਿੱਲੀ:-ਲਗਾਤਾਰ ਮੀਂਹ ਅਤੇ ਬੈਰਾਜ ਤੋਂ ਛੱਡੇ ਗਏ ਪਾਣੀ ਕਾਰਨ ਗੌਤਮ ਬੁੱਧ ਨਗਰ ਵਿੱਚ ਵਗ ਰਹੇ ਯਮੁਨਾ ਅਤੇ ਹਿੰਡਨ ਨਦੀਆਂ ਦੇ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਦੋਵਾਂ ਨਦੀਆਂ ਵਿੱਚ ਆਏ ਵਾਧੇ ਨੇ ਯਮੁਨਾ ਅਤੇ ਹਿੰਡਨ ਦੀਆਂ ਤਲਹਟੀਆਂ ਵਿੱਚ ਰਹਿਣ ਵਾਲੇ ਲੋਕਾਂ ਦਾ ਜਨਜੀਵਨ ਪ੍ਰਭਾਵਿਤ ਕਰ ਦਿੱਤਾ ਹੈ। ਯਮੁਨਾ ਅਤੇ ਹਿੰਡਨ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਕੁੱਲ 43 ਪਿੰਡ ਪ੍ਰਭਾਵਿਤ ਹੋਏ ਹਨ। ਇਨ੍ਹਾਂ ਵਿੱਚੋਂ ਸਦਰ ਤਹਿਸੀਲ ਦੇ 12 ਪਿੰਡਾਂ ਅਤੇ ਦਾਦਰੀ ਦੇ ਛੇ ਪਿੰਡਾਂ ਵਿੱਚ ਆਬਾਦੀ ਪ੍ਰਭਾਵਿਤ ਹੋਈ ਹੈ, ਜਦੋਂ ਕਿ ਜੇਵਰ ਦੇ 25 ਪਿੰਡਾਂ ਵਿੱਚ ਫਸਲਾਂ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ। ਵੀਰਵਾਰ ਨੂੰ ਪਾਣੀ ਦਾ ਪੱਧਰ ਲਾਲ ਖ਼ਤਰੇ ਦੇ ਨਿਸ਼ਾਨ ਤੋਂ ਉੱਪਰ ਚਲਾ ਗਿਆ, ਜਿਸ ਨਾਲ ਹੜ੍ਹ ਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ। ਇਸ ਕਾਰਨ 35 ਲੋਕਾਂ ਨੂੰ ਬਚਾਇਆ ਗਿਆ ਅਤੇ ਬਾਹਰ ਕੱਢਿਆ ਗਿਆ। ਅਲਸੋ ੍ਰਇਓਦ - ਐਦਹੇਓ ੍ਰਓਮ ੰਓਨਦਿਰ: ਵਧਾਈ ਗਈ ਅਯੁੱਧਿਆ ਸਥਿਤ ਰਾਮ ਮੰਦਿਰ ਦੀ ਸੁਰੱਖਿਆ, ਅਪਰੇਸ਼ਨ ਸੰਧੂਰ ਦੀ ਤਰਜ਼ ਤੇ ਰਚਿਆ ਗਿਆ ਸੁਰੱਖਿਆ ਘੇਰਾ ਲਗਾਤਾਰ ਮੀਂਹ ਅਤੇ ਨਦੀਆਂ ਦੇ ਵਧਦੇ ਪਾਣੀ ਦੇ ਪੱਧਰ ਕਾਰਨ ਜ਼ਿਲ੍ਹੇ ਦੇ ਕਈ ਹਿੱਸਿਆਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਯਮੁਨਾ ਨਦੀ ਦਾ ਪਾਣੀ ਦਾ ਪੱਧਰ ਲਾਲ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਹੈ। ਜਦੋਂ ਕਿ ਹਿੰਡਨ ਨਦੀ ਦਾ ਪਾਣੀ ਦਾ ਪੱਧਰ ਖ਼ਤਰੇ ਦੇ ਬਿੰਦੂ ਤੋਂ ਹੇਠਾਂ ਦਰਜ ਕੀਤਾ ਗਿਆ ਹੈ।



## (ਮੁੱਖ ਪੰਨੇ ਦੀ ਬਾਕੀ)

ਇੱਕ ਇੱਕ ਪਿੰਡ ਦੀ ਮੱਦਦ ਕਰ ਸਕਦੇ ਹਨ।

ਇਹ ਸਮਾਂ ਸਰਕਾਰਾਂ ਦੀ ਅਣਗਹਿਲੀਆਂ ਦੀ ਨਿੰਦਿਆ ਕਰਨ ਦਾ ਨਹੀਂ, ਸਗੋਂ ਲੋਕਾਂ ਦੀ ਬਾਂਹ ਫੜ੍ਹਨ ਦਾ ਸਮਾਂ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਰਕਾਰਾਂ ਦੀ ਅਣਗਹਿਲੀ ਨਹੀਂ, ਬਿਲਕੁਲ ਸਰਕਾਰ ਫੇਲ੍ਹ ਹੋਈ ਹੈ। ਪ੍ਰੰਤੂ ਹੁਣ ਇੱਕ ਦੂਜੇ 'ਤੇ ਦੋਸ਼ ਲਗਾਉਣ ਦਾ ਸਮਾਂ ਨਹੀਂ। ਸਿਆਸਤਦਾਨਾ ਨੂੰ ਕੁਦਰਤੀ ਆਫ਼ਤ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਸਿਆਸਤ ਕਰਨ ਲਈ ਹੋਰ ਬਥੇਰੇ ਮੁੱਦੇ ਮਿਲਦੇ ਰਹਿਣਗੇ। ਇਸ ਸਮੇਂ ਪੰਜਾਬ ਦੇ 12 ਜ਼ਿਲ੍ਹਿਆਂ ਤਰਨਤਾਰਨ, ਫ਼ਾਜਿਲਕਾ, ਅੰਮ੍ਰਿਤਸਰ, ਗੁਰਦਾਸਪੁਰ, ਫ਼ੀਰੋਜ਼ਪੁਰ, ਹੁਸ਼ਿਆਰਪੁਰ, ਪਠਾਨਕੋਟ, ਕਪੂਰਥਲਾ, ਰੋਪੜ, ਮੋਹਾਲੀ, ਮੋਗਾ, ਬਰਨਾਲਾ, ਸੰਗਰੂਰ, ਮਾਨਸਾ ਅਤੇ ਪਟਿਆਲਾ ਜ਼ਿਲ੍ਹੇ ਸਭ ਤੋਂ ਜ਼ਿਆਦਾ ਪ੍ਰਭਾਵਤ ਹਨ। ਕੁਲ 1400 ਪਿੰਡ ਹੜ੍ਹਾਂ ਨਾਲ ਪ੍ਰਭਾਵਤ ਹੋਏ ਹਨ, ਗੁਰਦਾਸਪੁਰ ਦੇ ਸਭ ਤੋਂ ਵੱਧ 324 ਪਿੰਡ, ਮਾਨਸਾ 163, ਕਪੂਰਥਲਾ 152, ਅੰਮ੍ਰਿਤਸਰ 135, ਹੁਸ਼ਿਆਰਪੁਰ 119 ਪਿੰਡ ਪਾਣੀ ਦੀ ਮਾਰ ਵਿੱਚ ਆਏ ਹਨ। ਹੁਣ ਤੱਕ ਪੰਜਾਬ ਵਿੱਚ 30 ਮੌਤਾਂ ਹੋ ਚੁੱਕੀਆਂ ਹਨ, 2.50 ਲੱਖ ਏਕੜ ਰਕਬੇ ਵਿੱਚ ਫ਼ਸਲ ਦਾ ਨੁਕਸਾਨ ਹੋਇਆ ਹੈ, 50 ਹਜ਼ਾਰ ਏਕੜ ਨਰਮਾ ਤਬਾਹ ਹੋ ਗਿਆ ਹੈ? ਇਕੱਲੀਆਂ ਫ਼ਸਲਾਂ ਦਾ 3200 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਬਾਕੀ ਹੋਰ ਨੁਕਸਾਨ ਵੱਖਰਾ ਹੈ। 3 ਲੱਖ ਲੋਕ ਪ੍ਰਭਾਵਤ ਹੋਏ ਹਨ, 174 ਅਸਥਾਈ ਰਾਹਤ ਕੈਂਪ ਸਥਾਪਤ ਕੀਤੇ ਹਨ, ਜਿਨ੍ਹਾਂ ਵਿੱਚ 7400 ਪ੍ਰਭਾਵਤ ਲੋਕਾਂ ਨੂੰ ਠਹਿਰਾਇਆ ਗਿਆ ਹੈ।20000 ਲੋਕਾਂ ਨੂੰ ਹੜ੍ਹਾਂ ਦੇ ਪਾਣੀ 'ਚੋਂ ਬਾਹਰ ਕੱਢਿਆ ਗਿਆ ਹੈ। ਮਰਨ ਵਾਲੇ ਬੇਜ਼ੁਬਾਨ ਪਸ਼ੂਆਂ ਦੀ ਗਿਣਤੀ ਵੀ 350 ਦੇ ਕਰੀਬ ਪਹੁੰਚ ਗਈ ਹੈ, 60 ਹਜ਼ਾਰ ਪਸ਼ੂ ਪ੍ਰਭਾਵਤ ਹੋਏ ਦੱਸੇ ਜਾ ਰਹੇ ਹਨ, ਪ੍ਰੰਤੂ ਹੜ੍ਹ ਦਾ ਪਾਣੀ ਘੱਟਣ ਤੋਂ ਬਾਅਦ ਅਸਲੀ ਗਿਣਤੀ ਦਾ ਪਤਾ ਚਲ ਸਕੇਗਾ।ਅਜਿਹੇ ਦੁੱਖ ਦੇ ਮੌਕੇ ਪੰਜਾਬੀਆਂ ਦੀ ਪੰਜਾਬੀਆਂ ਨੇ ਹੀ ਬਾਂਹ ਫੜ੍ਹੀ ਹੈ। ਪੰਜਾਬੀਆਂ ਦੀ ਮਦਦ ਲਈ ਪੰਜਾਬੀ ਹੀ ਅੱਗੇ ਆਏ ਹਨ। ਵੱਡੀ ਮਾਤਰਾ ਵਿੱਚ ਵਾਲੰਟੀਅਰ ਸੰਸਥਾਵਾਂ ਇਸ ਕੰਮ ਵਿੱਚ ਮਦਦ ਕਰ ਰਹੀਆਂ ਹਨ, ਜਿਨ੍ਹਾਂ ਵਿੱਚ ਖਾਲਸਾ ਏਡਮ,ਯੂਨਾਇਟਿਡ ਸਿੱਖਸ, ਸ਼ਾਮਲ ਹੈ। ਪਿੰਡਾਂ ਵਿੱਚੋਂ ਲੋਕ ਰਾਹਤ ਸਮਗਰੀ ਲੈ ਕੇ ਧੜਾ ਧੜ ਪ੍ਰਭਾਵਤ ਇਲਾਕਿਆਂ ਵਿੱਚ ਪਹੁੰਚ ਰਹੇ ਹਨ। ਪੰਜਾਬ ਦੇ ਸੈਲੀਵਰਿਟੀਜ਼ ਦੀਆਂ ਟੀਮਾਂ ਵੀ ਹੜ੍ਹ ਰਾਹਤਾਂ ਵਿੱਚ ਮੋਹਰੀ ਦੀ ਭੂਮਿਕਾ ਨਿਭਾ ਰਹੀਆਂ ਹਨ, ਜਿਨ੍ਹਾਂ ਵਿੱਚ ਜਸਬੀਰ ਜੱਸੀ, ਸਤਿੰਦਰ ਸਰਤਾਜ, ਦਲਜੀਤ ਦੋਸਾਂਝ, ਐਮੀ ਵਿਰਕ, ਗਿੱਪੀ ਗਰੇਵਾਲ, ਸੋਨੂੰ ਸੂਦ, ਸੰਜੇ ਦੱਤ, ਗੁਰਦਾਸ ਮਾਨ, ਰਾਜ ਕੁੰਦਰਾ, ਗੀਤਾ ਬਸਰਾ, ਜਸਪਿੰਦਰ ਨਰੂਲਾ, ਕਰਨ ਔਜਲਾ, ਰਣਜੀਤ ਬਾਵਾ, ਇੰਦਰਜੀਤ ਨਿੱਕੂ, ਸੁਨੰਦਾ ਸ਼ਰਮਾ, ਸੋਨਮ ਬਾਜਵਾ ਅਤੇ ਸੋਨੀਆਂ ਮਾਨ ਸ਼ਾਮਲ ਹਨ। ਜਸਬੀਰ ਜੱਸੀ, ਸਤਿੰਦਰ ਸਰਤਾਜ ਅਤੇ ਮਾਲਵਿਕਾ ਸੂਦ ਨੇ ਸਭ ਤੋਂ ਪਹਿਲਾਂ ਰਾਹਤ ਕਾਰਜਾਂ ਦੀ ਸੇਵਾ ਸ਼ੁਰੂ ਕੀਤੀ ਸੀ। ਦਲਜੀਤ ਦੋਸਾਂਝ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਦਸ ਪਿੰਡ ਗੋਦ ਲਏ ਹਨ। ਗਿੱਪੀ ਗਰੇਵਾਲ ਨੇ ਅਜਨਾਲਾ ਇਲਾਕੇ ਵਿੱਚ ਪਸ਼ੂਆਂ ਲਈ ਸਾਇਲੇਜ ਦੇ ਟਰੱਕ ਭੇਜੇ ਹਨ। ਐਮੀ ਵਿਰਕ ਨੇ 200 ਪ੍ਰਭਾਵਿਤ ਪਰਿਵਾਰ ਦੀ ਸਹਾਇਤਾ ਕਰਨ ਦਾ ਫ਼ੈਸਲਾ ਕੀਤਾ ਹੈ। ਐਸ.ਪੀ.ਸਿੰਘ ਓਬਰਾਏ ਨੇ ਸਾਰੇ ਪ੍ਰਭਾਵਤ ਜ਼ਿਲਿਆਂ ਪਸ਼ੂਆਂ ਲਈ ਚਾਰਾ ਦੇਣ ਦਾ ਪ੍ਰਬੰਧ ਕੀਤਾ ਹੈ। ਪਰਵਾਸ ਵਿੱਚੋਂ ਵੀ ਹੁੰਗਾਰੇ ਆ ਰਹੇ ਹਨ, ਅਮਰੀਕਾ ਤੋਂ ਵੱਡੇ ਟਰਾਂਸਪੋਰਟਰ ਹਰਸਿਮਰਨ ਸੰਗਰਾਮ ਸਿੰਘ ਨੇ ਵੀ ਮਦਦ ਕਰਨ ਦਾ ਬੀੜਾ ਚੁੱਕਿਆ ਹੈ। ਕੈਨੇਡਾ ਦੇ ਕਾਰੋਬਾਰੀ ਨੇ ਮੋਬਿਲਿਟੀ ਗੱਡੀ ਸ਼ੈਰਪ ਜਿਹੜੀ ਹੜ੍ਹ ਦੇ ਪਾਣੀ ਵਿੱਚ ਬਚਾਓ ਕਾਰਜ ਕਰਨ ਦੇ ਸਮਰੱਥ ਹੈ, ਭੇਜੀ ਗਈ ਹੈ।ਇਹ ਸ਼ੈਰਪ ਗੱਡੀ ਪਾਣੀ ਵਿੱਚ ਅਸਾਨੀ ਨਾਲ ਚਲ ਸਕਦੀ ਹੈ। ਇਹ ਹਰ ਤਰ੍ਹਾਂ ਦੀ ਐਮਰਜੈਂਸੀ ਹਾਲਾਤ ਵਿੱਚ ਹੀ ਵਰਤੀ ਜਾਂਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕਿਸਾਨ ਜਥੇਬੰਦੀਆਂ ਵੀ ਅੱਗੇ ਹੋ ਕੇ ਮਦਦ ਕਰ ਰਹੀਆਂ ਹਨ। ਵਿਕਰਮ ਸਿੰਘ ਸਾਹਨੀ ਰਾਜ ਸਭਾ ਮੈਂਬਰ ਨੇ ਵੀ ਮਦਦ ਕੀਤੀ ਹੈ। ਹਰਿਆਣਾ ਤੇ ਜੰਮੂ ਕਸ਼ਮੀਰ ਸਰਕਾਰਾਂ ਨੇ 5-5 ਕਰੋੜ ਦੀ ਮਦਦ ਭੇਜੀ ਹੈ। ਹਰਿਆਣਾ ਤੋਂ ਲੋਕ ਵੀ ਰਾਹਤ ਸਮਗਰੀ ਲੈ ਕੇ ਆ ਰਹੇ ਹਨ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੰਸਥਾਵਾਂ ਕੰਮ ਕਰ ਰਹੀਆਂ ਹਨ। ਧੜਾ ਧੜ ਹੋਰ ਲੋਕਾਂ ਅਤੇ ਸੰਸਥਾਵਾਂ ਹੜ੍ਹ ਰਾਹਤ ਲਈ ਪਹੁੰਚ ਰਹੀਆਂ ਹਨ। ਪੰਜਾਬੀਆਂ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਹਰ ਕੁਦਰਤੀ ਆਫ਼ਤ ਦਾ ਮੁਕਾਬਲਾ ਕਰਨ ਲਈ ਇੱਕ ਦੂਜੇ ਦੇ ਸਹਿਯੋਗੀ ਬਣਦੇ ਹਨ। ਅਜਿਹੇ ਗੰਭੀਰ ਹਾਲਾਤ ਵੀ ਉਨ੍ਹਾਂ ਖਿੜ੍ਹੇ ਮੱਥੇ ਪ੍ਰਵਾਨ ਕਰਦਿਆਂ ਹੌਸਲਾ ਬਰਕਰਾਰ ਰੱਖਿਆ ਹੈ।

# ਕਸ਼ਮੀਰ ਵਿੱਚ 11 ਸਾਲ ਬਰਬਾਦ ਹੋ ਗਏ, ਜੇਹਲਮ ਨਦੀ ਦੀ ਸਫਾਈ ਕਰਕੇ ਹੜ੍ਹਾਂ ਨੂੰ ਰੋਕਿਆ ਜਾ ਸਕਦਾ ਸੀ:ਓਮਰ

ਸ੍ਰੀਨਗਰ: ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵੀਰਵਾਰ ਨੂੰ ਪਿਛਲੀਆਂ ਸਰਕਾਰਾਂ 'ਤੇ ਹਮਲਾ ਬੋਲਿਆ ਕਿਉਂਕਿ 2014 ਦੇ ਹੜ੍ਹਾਂ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਹਾਲਾਤ ਵਿਗੜ ਗਏ ਸਨ ਅਤੇ ਕਿਹਾ ਕਿ ਘਾਟੀ ਵਿੱਚ ਹੜ੍ਹਾਂ ਨੂੰ ਰੋਕਣ ਲਈ ਕੋਈ ਪ੍ਰਬੰਧ ਨਹੀਂ ਕੀਤੇ ਗਏ ਸਨ।ਅਬਦੁੱਲਾ ਨੇ ਕਿਹਾ ਕਿ ਪਿਛਲੇ 11 ਸਾਲ "ਬਰਬਾਦ" ਹੋ ਗਏ ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜੇਕਰ ਜੇਹਲਮ ਨਦੀ ਅਤੇ ਇਸ ਨਾਲ ਜੁੜੇ ਨਾਲਿਆਂ ਨੂੰ ਸਾਫ਼ ਕੀਤਾ ਜਾਂਦਾ ਤਾਂ ਸਥਿਤੀ ਵੱਖਰੀ ਹੁੰਦੀ।"ਸਾਨੂੰ ਇਹ ਸਵਾਲ ਪੁੱਛਣਾ ਪਵੇਗਾ ਕਿ ਕਸ਼ਮੀਰ ਵਿੱਚ 2014 ਦੇ ਹੜ੍ਹਾਂ ਤੋਂ ਬਾਅਦ ਕੀ ਕੀਤਾ ਗਿਆ ਸੀ। ਜੋ ਲੋਕ ਇੱਥੇ ਰਾਜ ਕਰ ਰਹੇ ਸਨ ਉਨ੍ਹਾਂ ਨੇ ਇਹ ਯਕੀਨੀ ਬਣਾਉਣ ਲਈ ਕੁਝ ਨਹੀਂ ਕੀਤਾ ਕਿ ਹੜ੍ਹ ਦੁਬਾਰਾ ਨਾ ਆਉਣ," ਅਬਦੁੱਲਾ ਨੇ ਸ਼ਹਿਰ ਦੇ ਹੜ੍ਹ ਪ੍ਰਭਾਵਿਤ ਲਾਸਜਨ ਖੇਤਰ ਦਾ ਦੌਰਾ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ।

# ਕੈਨੇਡਾ 'ਚ ਨਵੇਂ ਆਉਣ ਵਾਲਿਆਂ ਲਈ ਦਰਵਾਜ਼ੇ ਹੋ ਰਹੇ ਹਨ ਬੰਦ

ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਚਾਹੁੰਦੇ ਹਨ ਕਿ ਫ਼ੈਡਰਲ ਸਰਕਾਰ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਨੂੰ ਬੰਦ ਕਰ ਦਵੇ। ਉਹਨਾਂ ਦੀ ਦਲੀਲ ਹੈ ਕਿ ਇਸ ਪ੍ਰੋਗਰਾਮ ਨੇ ਸਸਤੀ ਲੇਬਰ ਦਾ ਹੜ ਲਿਆਂਦਾ ਹੈ ਅਤੇ ਨੌਜਵਾਨ ਕੈਨੇਡੀਅਨਜ਼ ਲਈ ਕੰਮ ਲੱਭਣਾ ਔਖਾ ਹੋ ਗਿਆ ਹੈ। ਪੀਅਰ ਪੌਲੀਐਵ ਨੇ ਮਿਸੀਸਾਗਾ ਵਿੱਚ ਕਿਹਾ, ਲਿਬਰਲਾਂ ਨੂੰ ਇਸ ਗੱਲ ਦਾ ਜਵਾਬ ਦੇਣਾ ਪਵੇਗਾ ਕਿ ਉਹ ਸਾਡੇ ਆਪਣੇ ਨੌਜਵਾਨਾਂ ਨੂੰ ਨੌਕਰੀਆਂ ਤੋਂ ਕਿਉਂ ਵਾਂਝਾ ਕਰ ਰਹੇ ਹਨ ਅਤੇ ਉਹਨਾਂ ਦੀ ਥਾਂ ਘੱਟ ਤਨਖ਼ਾਹਾਂ 'ਤੇ ਕੰਮ ਕਰਦੇ, ਗਰੀਬ ਦੇਸ਼ਾਂ ਤੋਂ ਆਏ ਅਸਥਾਈ ਵਿਦੇਸ਼ੀ ਕਾਮਿਆਂ ਨੂੰ ਕਿਉਂ ਰੱਖਿਆ ਜਾ ਰਿਹਾ ਹੈ, ਜੋ ਆਖਰਕਾਰ ਸ਼ੋਸ਼ਣ ਦਾ ਸ਼ਿਕਾਰ ਬਣ ਰਹੇ ਹਨ। ਕੰਜ਼ਰਵੇਟਿਵਜ਼ ਕਹਿੰਦੇ ਹਨ ਕਿ ਉਹ ਚਾਹੁੰਦੇ ਹਨ ਕਿ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਨੂੰ ਖਤਮ ਕਰ ਦਿੱਤਾ ਜਾਵੇ, ਪਰ ਉਹ ਖੇਤੀਬਾੜੀ, ਜਿੱਥੇ ਸੱਚਮੁੱਚ ਕਾਮਿਆਂ ਦੀ ਲੋੜ ਹੁੰਦੀ ਹੈ, ਲਈ ਇੱਕ ਵੱਖਰਾ ਅਤੇ ਖਾਸ ਪ੍ਰੋਗਰਾਮ ਸ਼ੁਰੂ ਕਰਨਗੇ।


ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

Special Catering Service for 100-125 persons

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

# ਸ਼ਰਧਾ ਦੇ ਫੁੱਲ ਭੇਂਟ

# ਸੰਤ ਬਾਬਾ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲੇ





ਸੰਤ ਬਾਬਾ ਬਲਜਿੰਦਰ ਸਿੰਘ ਜੀ ਦਾ ਜਨਮ 15 ਜੁਲਾਈ, 1962 ਨੂੰ ਪਿੰਡ ਮਕਸੂਦੜਾ, ਜ਼ਿਲ੍ਹਾ ਲੁਧਿਆਣਾ ਵਿੱਚ ਪਿਤਾ ਸ. ਉਜਾਗਰ ਸਿੰਘ ਜੀ ਤੇ ਮਾਤਾ ਗੁਰਦੇਵ ਕੌਰ ਜੀ ਦੇ ਘਰ ਹੋਇਆ। ਬਚਪਨ ਤੋਂ ਹੀ ਗੁਰਦੁਆਰਾ ਰਾੜਾ ਸਾਹਿਬ ਹਾਜ਼ਰੀ ਭਰਦੇ ਰਹੇ, ਜਿੱਥੇ ਮਹਾਂਪੁਰਖਾਂ ਦੇ ਬਚਨ ਤੇ ਸੇਵਾ ਨਾਲ ਬੈਰਾਗੀ ਜੀਵਨ ਵੱਲ ਰੁਝਾਨ ਵੱਧਦਾ ਗਿਆ। ਅੱਠਵੀਂ ਕਲਾਸ ਪਿੰਡ ਵਿੱਚ, ਦਸਵੀਂ ਘੁਡਾਣੀ ਕਲਾਂ ਵਿੱਚ, ਅਤੇ ਬੀ.ਏ. ਕਾਲਜ ਕਰਮਸਰ ਤੋਂ ਪੂਰੀ ਕੀਤੀ। ਇਕ ਸਾਲ ਐਮ.ਏ. (ਇਕਾਨਾਮਿਕਸ) ਲੁਧਿਆਣਾ ਵਿੱਚ ਕੀਤੀ, ਪਰ 1984 ਵਿੱਚ ਰਾੜਾ ਸਾਹਿਬ ਆ ਕੇ ਹਜ਼ੂਰੀ ਕੀਰਤਨੀਏ ਜੱਥੇ ਵਿੱਚ ਸ਼ਾਮਲ ਹੋਏ। ਧਾਰਮਿਕ ਵਿੱਦਿਆ ਗਿਆਨੀ ਮੋਹਨ ਸਿੰਘ ਆਜ਼ਾਦ ਤੋਂ ਪ੍ਰਾਪਤ ਕੀਤੀ। 1986 ਵਿੱਚ ਸੰਤ ਬਾਬਾ ਮਹਿੰਦਰ ਸਿੰਘ ਜੀ ਨਾਲ ਲੰਡਨ ਯਾਤਰਾ ਕੀਤੀ ਅਤੇ 1987 ਤੋਂ ਦੀਵਾਨ ਸਜਾਉਣ ਤੇ ਅੰਮ੍ਰਿਤ ਸੰਚਾਰ ਦੀ ਸੇਵਾ ਸੰਭਾਲੀ। ਇਸ ਤੋਂ ਬਾਅਦ ਉਹ ਪਿੰਡਾਂ-ਸ਼ਹਿਰਾਂ ਤੇ ਵਿਦੇਸ਼ਾਂ ਵਿੱਚ ਕੀਰਤਨ ਵਖਿਆਨਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਰਹੇ। ਬਾਬਾ ਜੀ ਨੇ ਈਸ਼ਰ ਮਾਈਕਰੋ ਮੀਡੀਆ ਐਪ ਰਾਹੀਂ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਸਾਮਗਰੀ ਡਿਜ਼ੀਟਲ ਪੱਧਰ 'ਤੇ ਸੰਗਤਾਂ ਲਈ ਉਪਲਬਧ ਕਰਵਾਈ, ਜਿਸ ਦੀਆਂ ਪ੍ਰਸ਼ੰਸਾਵਾਂ ਯੂਨੀਵਰਸਿਟੀਆਂ, ਐਸ. ਜੀ. ਪੀ. ਸੀ. ਅੰਮ੍ਰਿਤਸਰ ਅਤੇ ਵੱਖ-ਵੱਖ ਸੰਪਰਦਾਈਆਂ ਵੱਲੋਂ ਕੀਤੀਆਂ ਗਈਆਂ। 18 ਦਸੰਬਰ 2014 ਨੂੰ ਸੰਤ ਬਾਬਾ ਤੇਜਾ ਸਿੰਘ ਜੀ ਦੇ ਸੱਚਖੰਡ ਜਾਣ ਤੋਂ ਬਾਅਦ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਪ੍ਰਦਾਇ ਦੀ ਸੇਵਾ ਸੁਚੱਜੇ ਢੰਗ ਨਾਲ ਸੰਭਾਲੀ। 24 ਅਗਸਤ 2025 ਨੂੰ ਬਾਬਾ ਈਸ਼ਰ ਸਿੰਘ ਜੀ ਦੀ ਬਰਸੀ ਸਮਾਗਮ ਦੌਰਾਨ ਕੀਰਤਨ ਹਾਜ਼ਰੀ ਦੇ ਕੇ, 25 ਅਗਸਤ 2025 ਨੂੰ ਅੰਮ੍ਰਿਤ ਵੇਲੇ ਆਪਣਾ ਨਾਸਵੰਤ ਸਰੀਰ ਤਿਆਗਕੇ ਸੱਚਖੰਡ ਵਿਚ ਲੀਨ ਹੋ ਗਏ। ਬਾਬਾ ਜੀ ਦੀ ਨਿਮਰਤਾ, ਪਿਆਰ ਅਤੇ ਦੂਰਦਰਸ਼ੀ ਸੋਚ ਹਮੇਸ਼ਾ ਯਾਦ ਰਹੇਗੀ। ਉਹਨਾਂ ਨੇ ਆਧਿਆਤਮਿਕਤਾ ਨਾਲ ਨਾਲ ਆਧੁਨਿਕ ਗਿਆਨ ਨੂੰ ਵੀ ਗੁਰਬਾਣੀ ਪ੍ਰਚਾਰ ਲਈ ਵਰਤਿਆ।

"ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ ॥ ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥"

ਸੰਤ ਮਹਾਂਪੁਰਖ ਵਿਛੁੜਦੇ ਨਹੀਂ, ਉਹਨਾਂ ਦੀ ਜੋਤ ਸਦਾ ਸੰਗਤਾਂ ਦੇ ਦਿਲਾਂ ਵਿੱਚ ਪ੍ਰਕਾਸ਼ ਕਰਦੀ ਰਹਿੰਦੀ ਹੈ।



ਸੰਗਤਾਂ ਦੇ ਦਾਸ
ਮਹਿੰਦਰ ਸਿੰਘ ਸੋਹਲ:206-841-1431

ਸੰਗਤਾਂ ਦੇ ਦਾਸ
ਜਸਦੀਪ ਸਿੰਘ:253-223-3717

# ਬ੍ਰਿਟੇਨ ਦੀ ਪਹਿਲੀ ਮੁੱਕੇਬਾਜ਼ ਸਿੱਖ ਲੜਕੀ

ਲੰਡਨ:-ਚਰਨ ਕੌਰ ਢੇਸੀ 21 ਸਾਲ ਦੀ ਉਮਰ ਵਿੱਚ ਮੁੱਕੇਬਾਜ਼ੀ ਦੇ ਪੇਸ਼ੇਵਰ ਰੈਂਕ ਵਿੱਚ ਸ਼ਾਮਲ ਹੋਣ ਵਾਲੇ ਭਾਰਤੀ ਮੂਲ ਦੇ ਪਹਿਲੇ ਬ੍ਰਿਟਿਸ਼ ਸਿੱਖ ਮਹਿਲਾ ਹਨ। ਇੱਕ ਦਿਨ ਇੰਗਲੈਂਡ ਦੇ ਸ਼ਹਿਰ ਹਲ ਦੇ ਇੱਕ ਸ਼ਾਂਤ ਜਿਮ ਵਿੱਚ ਇੱਕ 13 ਸਾਲ ਦੀ ਕੁੜੀ ਦਰਵਾਜ਼ੇ ਵਿੱਚ ਖੜ੍ਹੀ ਸੀ ਅਤੇ ਆਪਣੇ ਛੋਟੇ ਭਰਾ ਦੇ ਮੁੱਕੇਬਾਜ਼ੀ ਸੈਸ਼ਨ ਦੇ ਸ਼ੁਰੂ ਹੋਣ ਦੀ ਉਡੀਕ ਕਰ ਰਹੀ ਸੀ। ਉਸ ਵੇਲੇ ਉਸ ਕੁੜੀ ਕੋਲ ਨਾ ਤਾਂ ਦਸਤਾਨੇ ਸਨ ਅਤੇ ਨਾ ਹੀ ਇਸ ਵਿੱਚ ਸ਼ਾਮਲ ਹੋਣ ਦਾ ਕੋਈ ਇਰਾਦਾ ਸੀ। ਅੱਠ ਸਾਲ ਬਾਅਦ ਚਰਨ ਕੌਰ ਢੇਸੀ ਹੁਣ ਇੱਕ ਪੇਸ਼ੇਵਰ ਮੁੱਕੇਬਾਜ਼ ਹਨ। 21 ਸਾਲ ਦੀ ਉਮਰ ਵਿੱਚ ਉਹ ਮੁੱਕੇਬਾਜ਼ੀ ਦੇ ਪੇਸ਼ੇਵਰ ਰੈਂਕ ਵਿੱਚ ਸ਼ਾਮਲ ਹੋਣ ਵਾਲੇ ਪੰਜਾਬੀ ਮੂਲ ਦੀ ਬ੍ਰਿਟਿਸ਼ ਸਿੱਖ ਮਹਿਲਾ ਹਨ, ਜਿਨ੍ਹਾਂ ਨੇ ਆਪਣੀ ਖੇਡ ਅਤੇ ਆਪਣੇ ਭਾਈਚਾਰੇ ਲਈ ਨਵਾਂ ਆਧਾਰ ਬਣਾਇਆ ਹੈ।

ਢੇਸੀ ਨੂੰ ਬੇਸ਼ੱਕ ਇੱਕ ਪੁਰਸ਼-ਪ੍ਰਧਾਨ ਖੇਡ ਵਿੱਚ ਇੱਕ ਦੱਖਣੀ ਏਸ਼ੀਆਈ ਮਹਿਲਾ ਹੋਣ ਦੇ ਨਾਤੇ ਸੱਭਿਆਚਾਰਕ ਵਿਰੋਧ ਅਤੇ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪਿਆ ਹੈ। ਪਰ ਹਰ ਮੁੱਕੇ ਨਾਲ ਉਨ੍ਹਾਂ ਨੇ ਸ਼ੱਕੀਆਂ ਨੂੰ ਸਮਰਥਕਾਂ ਵਿੱਚ ਬਦਲ ਦਿੱਤਾ ਹੈ। ਢੇਸੀ ਕਹਿੰਦੇ ਹਨ ਕਿ "ਮੇਰੇ ਭਾਈਚਾਰੇ ਤੋਂ ਅਜਿਹਾ ਕਰਨ ਵਾਲੀ ਪਹਿਲੀ ਔਰਤ ਹੋਣਾ ਬਹੁਤ ਦਬਾਅ ਵਾਲਾ ਸੀ




ਪਰ ਤੁਸੀਂ ਕੀ ਕਹਿ ਸਕਦੇ ਹੋ? ਦਬਾਅ ਕਾਰਨ ਹੀ ਹੀਰੇ ਬਣਦੇ ਹਨ।"ਇੱਕ ਖੇਡ-ਪ੍ਰੇਮੀ ਪਰਿਵਾਰ ਵਿੱਚ ਪਲ਼ੀ ਚਰਨ ਕੌਰ ਢੇਸੀ ਦੋ ਭਰਾਵਾਂ ਨਾਲ ਵੱਡੇ ਹੋਏ ਉਨਾ ਦੇ ਪਿਤਾ ਜੋ ਅਕਾਦਮਿਕਤਾ ਨਾਲੋਂ ਸਰੀਰਕ ਗਤੀਵਿਧੀਆਂ ਦਾ ਸਮਰਥਨ ਕਰਦੇ ਸਨ। ਉਨ੍ਹਾਂ ਨੇ ਹਮੇਸ਼ਾ ਮੁੱਕੇਬਾਜ਼ੀ ਵੱਲ ਵਧੇਰੇ ਧਿਆਨ ਦਿੱਤਾ। ਮੇਰੇ ਦੋ ਭਰਾ ਹਨ। ਮੇਰੇ ਪਿਤਾ ਨੇ ਸਾਨੂੰ ਤਿੰਨਾਂ ਨੂੰ ਖੇਡਾਂ ਵਿੱਚ ਵੱਡਾ ਕੀਤਾ। "ਪਰ ਮੁੱਕੇਬਾਜ਼ੀ ਯੋਜਨਾ ਦਾ ਹਿੱਸਾ ਨਹੀਂ ਸੀ। ਅਸਲ ਵਿੱਚ ਕਰਾਟੇ ਵਿੱਚ ਸਿਖਲਾਈ ਹਾਸਲ ਕਰਨ ਵਾਲੀ ਚਰਨ ਕੌਰ ਨੂੰ ਇਸ ਖੇਡ ਬਾਰੇ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਦੇ ਭਰਾ ਇੱਕ ਸਥਾਨਕ ਜਿਮ ਵਿੱਚ ਸ਼ਾਮਲ ਹੋਏ। ਉਨ੍ਹਾਂ ਦਾ ਕਹਿਣਾ ਹੈ, "ਮੈਨੂੰ ਪਹਿਲਾਂ ਤਾਂ ਇਸ ਗੱਲ ਦਾ ਕੋਈ ਅੰਦਾਜ਼ਾ ਵੀ ਨਹੀਂ ਸੀ ਕਿ ਮੁੱਕੇਬਾਜ਼ੀ ਕੀ ਹੁੰਦੀ ਹੈ। ਇਹ ਮੇਰਾ ਛੋਟਾ ਭਰਾ ਸੀ ਜੋ ਇਹ ਕਰਨਾ ਚਾਹੁੰਦਾ ਸੀ, ਇਸ ਲਈ ਮੈਂ ਇੱਥੇ (ਜਿਮ) ਆਈ ਅਤੇ ਮੈਂ ਦਰਵਾਜ਼ੇ 'ਤੇ ਖੜ੍ਹੀ ਸੀ ਜਦੋਂ ਕੋਚ ਨੇ ਮੈਨੂੰ ਸ਼ਾਮਲ ਹੋਣ ਲਈ ਕਿਹਾ।

"ਢੇਸੀ ਨੇ ਪਹਿਲਾਂ ਤਾਂ ਮਨ੍ਹਾ ਕੀਤਾ ਪਰ ਜਦੋਂ ਇਸ ਨੂੰ ਅਜ਼ਮਾਇਆ ਤਾਂ ਉਨ੍ਹਾਂ ਨੂੰ ਕੁਝ ਖ਼ਾਸ ਜਾਪਿਆ। ਉਨ੍ਹਾਂ ਦਾ ਕਹਿਣਾ ਹੈ, "ਮੈਂ ਇੱਕ ਦਿਨ ਇਸ ਨੂੰ ਅਜ਼ਮਾਇਆ ਅਤੇ ਸਾਰੇ ਕੋਚ ਕਹਿ ਰਹੇ ਸਨ ਕਿ ਮੈਂ ਕਿੰਨੀ ਚੰਗੀ ਤਰ੍ਹਾਂ ਇਸ ਨੂੰ ਖੇਡ ਰਹੀ ਹਾਂ। ਉਦੋਂ ਤੋਂ ਮੈਂ ਇਸ ਨੂੰ ਜਾਰੀ ਰੱਖਿਆ ਅਤੇ ਫਿਰ ਮੈਨੂੰ ਇੰਗਲੈਂਡ ਦੀ ਟੀਮ ਲਈ ਚੁਣਿਆ ਗਿਆ। "ਉਸ ਦਿਨ ਤੋਂ ਢੇਸੀ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਇੱਕ ਨੌਜਵਾਨ ਸ਼ੌਕੀਆ ਹੋਣ ਦੇ ਨਾਤੇ, ਉਨ੍ਹਾਂ ਨੇ ਤਿੰਨ ਰਾਸ਼ਟਰੀ ਖਿਤਾਬ, ਇੱਕ ਯੂਰਪੀਅਨ ਚਾਂਦੀ ਦਾ ਤਗਮਾ ਅਤੇ ਤਿੰਨ ਅੰਤਰਰਾਸ਼ਟਰੀ ਖਿਤਾਬ ਜਿੱਤੇ ਹਨ। ਪਰ ਇਹ ਕਦੇ ਵੀ ਸਿਰਫ਼ ਪ੍ਰਸ਼ੰਸਾ ਹਾਸਲ ਕਰਨ ਬਾਰੇ ਨਹੀਂ ਸੀ। ਢੇਸੀ ਪੇਸ਼ੇਵਰ ਮੁੱਕੇਬਾਜ਼ੀ ਵਿੱਚ ਕਦਮ ਰੱਖ ਕੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨਾ ਚਾਹੁੰਦੇ ਸਨ। ਉਨ੍ਹਾਂ ਦੱਸਿਆ, "ਮੈਨੂੰ ਪੁੱਛਿਆ ਗਿਆ ਸੀ 'ਜੇ ਤੁਹਾਨੂੰ ਸੱਟ ਲੱਗਦੀ ਹੈ, ਤਾਂ ਤੁਹਾਡੇ ਨਾਲ ਕੌਣ ਵਿਆਹ ਕਰੇਗਾ?', 'ਕੀ ਤੁਹਾਨੂੰ ਰਸੋਈ ਵਿੱਚ ਨਹੀਂ ਹੋਣਾ ਚਾਹੀਦਾ?', ਇਸ ਤਰ੍ਹਾਂ ਦੀਆਂ ਗੱਲਾਂ.. ਇਹ ਕਾਫ਼ੀ ਨਕਾਰਾਤਮਕ ਸੀ ਅਤੇ ਇੱਥੋਂ ਤੱਕ ਕਿ, 'ਤੁਹਾਡਾ ਪਲਾਨ ਬੀ ਕੀ ਹੈ?'

ਉਨ੍ਹਾਂ ਦਾ ਕਹਿਣਾ ਹੈ, "ਪਰ ਮੇਰਾ ਪਲਾਨ ਏ ਮੁੱਕੇਬਾਜ਼ੀ ਹੈ ਅਤੇ ਮੇਰਾ ਪਲਾਨ ਬੀ ਵੀ ਮੁੱਕੇਬਾਜ਼ੀ ਹੀ ਹੈ।

# ਗਵਾਲੀਅਰ 'ਚ ਦਲਿਤ ਅਧਿਕਾਰੀ ਥੱਲੇ ਬੈਠਣ ਲਈ ਮਜ਼ਬੂਰ

ਗਵਾਲੀਅਰ:ਆਜ਼ਾਦ ਭਾਰਤ ਦੇ 79 ਸਾਲਾਂ ਬਾਅਦ ਵੀ, ਜਾਤੀ ਵਿਤਕਰੇ ਦਾ ਪਰਛਾਵਾਂ ਸਰਕਾਰੀ ਦਫਤਰਾਂ ਦੀਆਂ ਕੰਧਾਂ ਦੇ ਅੰਦਰ ਡੂੰਘਾ ਮੌਜੂਦ ਹੈ। ਤਾਜ਼ਾ ਮਾਮਲਾ ਗਵਾਲੀਅਰ ਦਾ ਹੈ, ਜਿੱਥੇ ਮੱਧ ਪ੍ਰਦੇਸ਼ ਭਵਨ ਵਿਕਾਸ ਨਿਗਮ ਦੇ ਸਹਾਇਕ ਜਨਰਲ ਮੈਨੇਜਰ, ਸਤੀਸ਼ ਡੋਂਗਰੇ, ਨੂੰ ਦਲਿਤ ਹੋਣ ਕਾਰਣ ਪਿਛਲੇ ਇੱਕ ਸਾਲ ਤੋਂ ਬਿਨਾਂ ਕੁਰਸੀ ਜਾਂ ਮੇਜ਼ ਦੇ, ਫਰਸ਼ 'ਤੇ ਚਟਾਈ 'ਤੇ ਕੰਮ ਕਰਨ ਲਈ ਮਜਬੂਰ ਹਨ। ਜਦੋਂ ਕਿ ਡੋਂਗਰੇ ਕਾਰਪੋਰੇਸ਼ਨ ਵਿੱਚ ਸਹਾਇਕ ਜਨਰਲ ਮੈਨੇਜਰ ਵਰਗਾ ਮਹੱਤਵਪੂਰਨ ਅਹੁਦਾ ਸੰਭਾਲਦੇ ਹਨ। ਜਦੋਂ ਕਿ ਉਸੇ ਦਫਤਰ ਵਿੱਚ, ਉਨ੍ਹਾਂ ਦੇ ਸਾਥੀ ਅਧਿਕਾਰੀ ਆਰਾਮਦਾਇਕ ਚੈਂਬਰਾਂ ਅਤੇ ਫਰਨੀਚਰ ਦੀ ਵਰਤੋਂ ਕਰ ਰਹੇ ਹਨ। ਇਹ ਇੱਕ ਖਾਸ ਵਰਗ ਦੇ ਕਰਮਚਾਰੀਆਂ ਨਾਲ ਹੀ ਕਿਉਂ ਹੋ ਰਿਹਾ ਹੈ? ਜਦੋਂ ਕਿ ਉਸੇ ਦਫ਼ਤਰ ਵਿੱਚ, ਹੋਰ ਅਧਿਕਾਰੀਆਂ ਨੂੰ ਸਾਰੀਆਂ ਬੁਨਿਆਦੀ ਸਹੂਲਤਾਂ ਮਿਲੀਆਂ ਹਨ।



# ਭਾਰਤ ਨੇ ਟੈਰਿਫ ਘਟਾਉਣ ਦੀ ਪੇਸ਼ਕਸ਼ ਕੀਤੀ, ਪਰ ਦੇਰ ਹੋ ਰਹੀ ਹੈ:ਟਰੰਪ

ਨਿਊਯਾਰਕ:ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਦਾਅਵਾ ਕੀਤਾ ਕਿ ਭਾਰਤ ਨੇ ਹੁਣ ਅਪਣੇ ਟੈਰਿਫ 'ਚ ਕਟੌਤੀ ਕਰ ਕੇ ਇਸ ਨੂੰ ਸਿਫ਼ਰ ਕਰਨ ਦੀ ਪੇਸ਼ਕਸ਼ ਕੀਤੀ ਹੈ ਪਰ ਦੇਰ ਹੋ ਰਹੀ ਹੈ, ਕਿਉਂਕਿ ਭਾਰਤ ਅਪਣਾ ਜ਼ਿਆਦਾਤਰ ਤੇਲ ਅਤੇ ਫ਼ੌਜੀ ਉਤਪਾਦ ਰੂਸ ਤੋਂ ਖ਼ਰੀਦਦਾ ਹੈ ਅਤੇ ਅਮਰੀਕਾ ਤੋਂ ਬਹੁਤ ਘੱਟ। ਟਰੰਪ ਨੇ ਟਰੂਥ ਸੋਸ਼ਲ ਉਤੇ ਇਕ ਪੋਸਟ 'ਚ ਕਿਹਾ, ''ਬਹੁਤ ਘੱਟ ਲੋਕ ਸਮਝਦੇ ਹਨ ਕਿ ਅਸੀਂ ਭਾਰਤ ਨਾਲ ਬਹੁਤ ਘੱਟ ਕਾਰੋਬਾਰ ਕਰਦੇ ਹਾਂ ਪਰ ਉਹ ਸਾਡੇ ਨਾਲ ਬਹੁਤ ਜ਼ਿਆਦਾ ਕਾਰੋਬਾਰ ਕਰਦੇ ਹਨ। ਭਾਰਤ ਅਪਣੇ ਸੱਭ ਤੋਂ ਵੱਡੇ ਗਾਹਕ ਅਮਰੀਕਾ ਨੂੰ ਵੱਡੀ ਮਾਤਰਾ 'ਚ ਸਾਮਾਨ ਵੇਚਦਾ ਹੈ ਪਰ ਅਸੀਂ ਉਨ੍ਹਾਂ ਨੂੰ ਬਹੁਤ ਘੱਟ ਵੇਚਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਭਾਰਤ ਨੇ ਹੁਣ ਤਕ ਸਾਡੇ ਤੋਂ ਇੰਨੇ ਜ਼ਿਆਦਾ ਟੈਰਿਫ ਵਸੂਲੇ ਹਨ, ਜੋ ਕਿ ਕਿਸੇ ਵੀ ਦੇਸ਼ ਨਾਲੋਂ ਜ਼ਿਆਦਾ ਹਨ, ਜਿਸ ਕਾਰਨ ਸਾਡੇ ਕਾਰੋਬਾਰੀ ਭਾਰਤ ਵਿਚ ਅਪਣਾ ਸਮਾਨ ਵੇਚਣ ਤੋਂ ਅਸਮਰੱਥ ਹਨ।'' ਉਨ੍ਹਾਂ ਅੱਗੇ ਕਿਹਾ, ''ਇਸ ਤੋਂ ਇਲਾਵਾ ਭਾਰਤ ਅਪਣੇ ਜ਼ਿਆਦਾਤਰ ਤੇਲ ਅਤੇ ਫੌਜੀ ਉਤਪਾਦ ਰੂਸ ਤੋਂ ਖਰੀਦਦਾ ਹੈ, ਅਮਰੀਕਾ ਤੋਂ ਬਹੁਤ ਘੱਟ। ਉਨ੍ਹਾਂ ਨੇ ਹੁਣ ਅਪਣੇ ਟੈਰਿਫ ਸਿਫ਼ਰ ਕਰਨ ਦੀ ਪੇਸ਼ਕਸ਼ ਕੀਤੀ ਹੈ, ਪਰ ਦੇਰ ਹੋ ਰਹੀ ਹੈ। ਉਨ੍ਹਾਂ ਨੂੰ ਅਜਿਹਾ ਸਾਲਾਂ ਪਹਿਲਾਂ ਕਰਨਾ ਚਾਹੀਦਾ ਸੀ।''







ਲੇਡੀਜ ਟੇਲਰਿੰਗ

*Simple Suit $40 *Lehnga $100

*Lining Suit $70 *Zipper $5 Extra

Shirt with Lining $60 Alteration Starts from $10

ਹਰ ਕਿਸਮ ਦੇ ਪੰਜਾਬੀ ਲੇਡੀਜ ਸੂਟ, ਬਲਾਊਜ, ਲਹਿੰਗਾ ਆਦਿ ਦੀ ਪ੍ਰੋਫੈਸ਼ਨਲ ਸਿਲਾਈ ਅਤੇ ਆਲਟਰੇਸ਼ਨ ਕਰਵਾਉਣ ਲਈ ਮਿਲੋ

604-799-8160

October end



Trusted Name in Real Estate

ਕਿਸੇ ਵੀ ਤਰ੍ਹਾਂ ਦੀ ਰੈਜੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ



GURBINDER DHALIWAL

REAL ESTATE BROKER

Cell:425-314-2111

Email:garyd@windermere.com

garydhaliwal.withwre.com

Windermere REAL ESTATE

801 State Ave,

Marrysville, Wa 98270

HOUSE FOR SALE

12728 SE 287TH Place, Auburn, WA 98092





Nestled in a serene Cul-de-sac, this exquisite residence offers the perfect blend of comfort and sophistication. The heart of the home lies in its gourmet kitchen, where culinary dreams come to life amidst top-of-the-line appliances, sleek countertops, and ample storage. Step outside onto the covered deck, a true oasis that extends your living space. The ambiance is elevated by a cozy fireplace, providing warm and inviting atmosphere for year-round outdoor enjoyment. Venture downstairs to discover a meticulously finished basement, featuring a private one-bedroom suite and a stylishly appointed bathroom. This versatile space offers endless possibilities, whether used as a guest retreat, home office, or an entertainment hub.



MANDEEP SANGHA

REAL ESTATE BROKER

Cell:425-210-8985

Email:m.sangha@windermere.com

m.sangha.withwre.com

ਅਸੀਂ ਮੁਫਤ ਨੋਟਰੀ ਸੇਵਾਵਾਂ ਦਿੰਦੇ ਹਾਂ

# ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਪੰਜਾਬੀ ਸਭਾ ਬੈਲਿੰਗਹੈਮ ਦੇ ਰੂਬਰੂ



27 ਅਗਸਤ ਦਿਨ ਬੁੱਧਵਾਰ ਨੂੰ ਪੰਜਾਬੀ ਸਾਹਿਤ ,ਸੰਗੀਤ ਤੇ ਕਲਾ ਮੰਚ ਬੈਲਿੰਗਹੈਮ ਰਜਿ□ ਦੇ ਬੈਨਰ ਹੇਠ ਗੁਰਪ੍ਰੀਤ ਸਿੰਘ ਚੰਦਬਾਜਾ, ਭੁਪਿੰਦਰ ਸਿੰਘ ਬੈਂਸ,ਪਰਮਜੀਤ ਸਿੰਘ ਜੌਹਲ, ਕੁਲਜਿੰਦਰ ਸਿੰਘ ਦੁਸਾਂਝ(ਜੈਡਪੈਕ ਟਰੱਕਿੰਗ),ਮਨਜੀਤ ਸਿੰਘ ਔਲਖ,ਗੁਰਦਿਆਲ ਸਿੰਘ ਮੱਟੂ,ਸ਼ਮਿੰਦਰ ਸਿੰਘ ਚਾਹਲ ਤੇ ਡਾ. ਸੁਖਵੀਰ ਬੀਹਲਾ ਨੇ ਉੱਦਮ ਕਰਦਿਆਂ ਦਵਿੰਦਰ ਸਿੰਘ ਸਹੋਤਾ ,ਅਜਮੇਰ ਸਿੰਘ ਗਿੱਲ ਦੀ ਅਗਵਾਈ ਵਿਚ ਪੰਜਾਬੀ, ਪੰਜਾਬ ਦੀ ਸਥਿਤੀ ਤੇ ਸੰਭਾਵਨਾਵਾਂ ਵਿਸ਼ੇ ਉੱਪਰ ਬਹੁਤ ਹੀ ਸਫਲ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ।ਵਾਟਕਾਉਮ ਕਾਉਂਟੀ ਦੀ ਪੰਜਾਬੀ ਕਮਿਉਨਿਟੀ ਨੇ ਪੰਜਾਬ ਵਿਧਾਨ ਸਭਾ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ 'ਜੀ ਆਇਆਂ ਨੂੰ'ਕਿਹਾ। ਮੰਚ ਸੰਚਾਲਨ ਦੀ ਸ਼ੁਰੂਆਤ ਕਰਦਿਆਂ ਸਭਾ ਦੇ ਡਾਇਰੈਕਟਰ ਤੇ ਸਿੰਘ ਸਭਾ ਗੁਰਦੁਆਰਾ ਬੈਲਿੰਗਹੈਮ ਦੇ ਡਾਇਰੈਕਟਰ ਡਾ.ਸੁਖਵੀਰ ਬੀਹਲਾ ਨੇ ਸਭਾ ਦੇ ਇਤਿਹਾਸ ਤੇ ਮਕਸਦਾਂ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ ਅਤੇ ਗੁਰਮਤਿ ਸੰਗੀਤ ਦੀ ਮਹਾਨ ਹਸਤੀ ਮਰਹੂਮ ਭਾਈ ਨਿਰਮਲ ਸਿੰਘ ਖ਼ਾਲਸਾ ਦੀ ਅਵਾਜ਼ ਵਿਚ ਸਭਾ ਦੀ ਧੁਨੀ 'ਗਗਨ ਮੇਂ ਥਾਲ਼'ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂਆਤ ਵਿਚ ਯੂ ਐਸ ਏ ਟਰੱਕਿੰਗ ਸਕੂਲ ਵਾਲੇ ਇਲਾਕੇ ਦੀ ਜਾਣੀ ਪਛਾਣੀ ਧਾਰਮਿਕ ਸਖਸ਼ੀਅਤ ਭਾਈ ਗੁਰਜੀਤ ਸਿੰਘ ਨੇ ਸਰਦਾਰ ਕੁਲਤਾਰ ਸਿੰਘ ਸੰਧਵਾਂ ਦਾ ਦਿਲ ਦੀਆਂ ਗਹਿਰਾਈਆਂ ਚੋਂ ਸਵਾਗਤ ਕੀਤਾ।ਭਾਈ ਸਾਹਿਬ ਨੇ ਦੱਸਿਆ ਕਿ ਉਚੇਚੇ ਤੋਰ ਤੇ ਉਹ ਇਸ ਪ੍ਰਗਰਾਮ ਵਿੱਚ ਹਾਜ਼ਰੀ ਲਗਵਾਉਣ ਇਸ ਕਰਕੇ ਆਏ ਹਨ ਕਿ ਸਰਦਾਰ ਸੰਧਵਾਂ ਮੌਜੂਦਾ ਸਮੇਂ ਵਿੱਚ ਇੱਕੋ ਇੱਕ ਅਜਿਹੇ ਅੰਮ੍ਰਿਤਧਾਰੀ ਲੀਡਰ ਹਨ ਜਿਹੜੇ ਬਾਣੀ,ਬਾਣਾ, ਸਿੱਖੀ,ਪੰਜਾਬ ਤੇ ਪੰਜਾਬੀਅਤ ਨੂੰ ਦਿਲੋਂ ਪਿਆਰ ਕਰਦੇ ਹਨ ਜਿਨ੍ਹਾਂ ਦੀ ਸਖਸੀਅਤ ਤੋਂ ਉਹ ਪ੍ਰਭਾਵਿਤ ਹਨ।ਉਨ੍ਹਾਂ ਕਿਹਾ ਕਿ ਅਸੀਂ ਨਿਹੰਗ ਸਿੰਘ ਜਥੇਬੰਦੀ 'ਪੰਥਕ ਅਕਾਲੀ ਗੁਰੂ ਨਾਨਕ ਦਲ ਮੜੀਆਂ ਵਾਲੇ 'ਆਪ ਜੀ ਨੂੰ ਇੱਕ ਅੰਮਿਤ੍ਰਧਾਰੀ ਪੰਜਾਬ ਦਾ ਹਮਦਰਦ ਲੀਡਰ ਹੋਣ ਨਾਂ ਤੇ 'ਜੀ ਆਇਆਂ ਨੂੰ'ਆਖਦੇ ਹਾਂ ਤੇ ਧੰਨਵਾਦ ਕਰਦੇ ਹਾਂ।ਇਲਾਕੇ ਦੇ ਉੱਘੇ ਬਿਜਨਸਮੈਨ ਤੇ ਉੱਭਰ ਰਹੇ ਸਿਆਸੀ ਲੀਡਰ ਸੁਖਵੰਤ ਸਿੰਘ ਗਿੱਲ ਚੂਹੜਚੱਕ ਵਾਲਿਆਂ ਨੇ ਪੰਜਾਬ ਸਰਕਾਰ ਨੂੰ ਸਰਦਾਰ ਸੰਧਵਾਂ ਰਾਹੀਂ ਮੰਗ ਪੇਸ਼ ਕਰਦਿਆਂ ਅਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਦੀ ਬਾਂਹ ਫੜਨ ਦੀ ਅਪੀਲ ਕੀਤੀ।ਖ਼ਾਲਸਾ ਅਕੈਡਮੀ ਤੇ ਯੂਨੀਵਰਸਿਟੀ ਤੋਂ ਪਹੁੰਚੇ ਮਨਜੀਤ ਸਿੰਘ ਧਾਲੀਵਾਲ ਨੇ ਸਰਦਾਰ ਸੰਧਵਾਂ ਦੇ ਉੱਚੇ ਸੁੱਚੇ ਕਿਰਦਾਰ ਦੀ ਗੱਲ ਕਰਦਿਆਂ ਪੰਜਾਬ ਵਿੱਚ ਕਰਵਾਏ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ।ਉਹਨਾਂ ਕਿਹਾ ਸਰਦਾਰ ਸੰਧਵਾਂ ਆਮ ਲੋਕਾਂ ਦੀ ਗੱਲ ਸੁਣਨ ਵਾਲੇ ਆਮ ਲੋਕਾਂ ਚ ਵਿਚਰਨ ਵਾਲੇ ਗੁਰਸਿੱਖ ਲੀਡਰ ਹਨ ਜੋ ਸਿੱਖ ਇਤਿਹਾਸ ਵੱਲ ਖਾਸ ਤਵੱਜੋ ਦਿੰਦੇ ਹਨ।ਕੁਲਤਾਰ ਸਿੰਘ ਸੰਧਵਾਂ ਦੇ ਪੁਰਾਣੇ ਸਹਿਯੋਗੀ ਰਹੇ ਗੁਰਪ੍ਰੀਤ ਸਿੰਘ ਚੰਦਬਾਜਾ ਨੇ ਕਿਹਾ ਮੇਰੀ ਸਾਂਝ ਸਰਦਾਰ ਸੰਧਵਾਂ ਨਾਲ ਸਮਾਜ ਸੇਵੀ ਦੀ ਰਹੀ ਹੈ ਤੇ ਅੱਜ ਵੀ ਹੈ। ਉਹਨਾਂ ਕਿਹਾਂ ਅਸੀਂ ਇਕੱਠੇ ਹੋ ਕੇ ਪੰਜਾਬ ਦੇ ਹੱਕਾਂ ਲਈ ਤੇ ਪੰਜਾਬ ਵਿੱਚ ਫੈਲੀਆਂ ਅਲਾਮਤਾਂ ਵਿਰੁੱਧ ਲੜੇ ਹਾਂ । ਕਾਮਰੇਡ ਬਲਦੇਵ ਸਿੰਘ ਬਸਰਾ ਨੇ ਸੰਧਵਾਂ ਨੂੰ ਆਮ ਲੋਕਾਂ ਦਾ ਲੀਡਰ ਕਿਹਾ ਤੇ ਆਮ ਤੋਂ ਖਾਸ ਬਣ ਰਹੇ ਮੌਜੂਦਾ ਲੀਡਰਾਂ ਨੂੰ ਨਕੇਲ ਪਾਉਣ ਲਈ ਕਿਹਾ ਤੇ ਪੰਜਾਬ ਨੂੰ ਦਿੱਲੀ ਦੀ ਸਿਆਸਤ ਤੋਂ ਸੁਤੰਤਰ ਹੋ ਕੇ ਹੋਰ ਵੱਧ ਚੜ੍ਹ ਕੇ ਪੰਜਾਬ ਦੇ ਭਲੇ ਦੇ ਕੰਮ ਕਰਨ ਲਈ ਕਿਹਾ ।ਉਹਨਾਂ ਕਿਹਾ ਕਿ ਅਜ਼ਾਦੀ ਤੋਂ ਬਾਅਦ ਪੰਜਾਬ ਵਿੱਚ ਸਭ ਤੋਂ ਵਧੀਆ ਸਰਕਾਰ ਆਮ ਆਦਮੀ ਪਾਰਟੀ ਦੀ ਆਈ ਏ ਜੋ ਬਹੁਤ ਵਧੀਆ ਕੰਮ ਕਰ ਰਹੀ ਹੈ।

ਇਲਾਕੇ ਦੇ ਮਸ਼ਹੂਰ ਰੀਅਲਟਰ, ਸਮਾਜ ਸੇਵੀ ਪੰਜਾਬੀ ਸਭਾ ਦੇ ਮੈਂਬਰ ਤਰਨਜੋਤ ਸਿੰਘ ਟੀ ਜੇ ਬਰਾੜ ਨੇ ਪੰਜਾਬ ਸਰਕਾਰ ਵੱਲੋ ਇਲੈਕਟਰਾਨਿਕ ਮੀਡੀਏ ਨੂੰ ਹੋਰ ਵਧੀਆ ਬਣਾਉਣ ਦਾ ਸੁਝਾਅ ਦਿੱਤਾ।ਉਹਨਾਂ ਕਿਹਾ ਪੰਜਾਬ ਸਰਕਾਰ ਵੱਲੋਂ ਐਨ ਆਰ ਆਈ ਸ਼ਿਕਾਇਤ ਕਰਤਾ ਵੈਬਸਈਟ ਨੂੰ ਅਪਗ੍ਰੇਡ ਕਰਨਾ ਚਾਹੀਦਾ ਹੈ।ਨੌਜਵਾਨ ਸਿਆਸਤਦਾਨ ਕਮਲ ਭੱਚੂ ਨੇ ਪੰਜਾਬ ਵਿੱਚ ਹੋ ਰਹੇ ਧਰਮ ਪਰਿਵਰਤਨ ਤੇ ਚਿੰਤਾ ਜ਼ਾਹਰ ਕੀਤੀ ਅਤੇ ਪੰਜਾਬ ਵਿੱਚ ਪਾਣੀਆਂ ,ਹੜਾਂ ਦੇ ਮਸਲੇ 'ਤੇ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ।ਪੰਜਾਬੀ ਸਭਾ ਤੇ ਸਿੰਘ ਸਭਾ ਗੁਰਦੁਆਰਾ ਬੈਲਿੰਗਹੈਮ ਦੇ ਡਾਇਰੈਕਟਰ ਭੁਪਿੰਦਰ ਸਿੰਘ ਬੈਂਸ ਨੇ ਹੁਸ਼ਿਆਰਪੁਰ ਇਲਾਕੇ ਦੀਆਂ ਸਮੱਸਿਆਵਾਂ ਵੱਲ ਧਿਆਨ ਦਵਾਇਆ ਅਤੇ ਚੰਗੀ ਕਾਰਗੁਜ਼ਾਰੀ ਕਰਨ ਵਾਲੀਆਂ ਸਖਸੀਅਤਾਂ ਨੂੰ ਯਾਦ ਕੀਤਾ।ਉਨ੍ਹਾਂ ਪੰਜਾਬ ਸਰਕਾਰ ਤੋਂ ਉਮੀਦ ਕੀਤੀ ਕਿ ਸਾਡੇ ਇਲਾਕੇ ਵੱਲ ਬਣਦਾ ਧਿਆਨ ਦਿੱਤਾ ਜਾਵੇ।ਇਸ ਮੌਕੇ ਬੋਲਦਿਆਂ ਸਰਦਾਰ ਅਜੀਤ ਸਿੰਘ ਕਲਸੀ ਨੇ ਸਰਦਾਰ ਸੰਧਵਾਂ ਦਾ ਪੰਜਾਬ ਪ੍ਰਤੀ ਵਫ਼ਾਦਾਰੀ ਨਾਲ ਖੜ੍ਹਨ ਵਾਲੇ ਲੀਡਰ ਵਜੋਂ ਧੰਨਵਾਦ ਕੀਤਾ ।ਗੁਰੂ ਨਾਨਕ ਗੁਰਸਿੱਖ ਟੈਂਪਲ ਲਿੰਡਨ ਦੇ ਮੁੱਖ ਗ੍ਰੰਥੀ ਤੇ ਨਿਹੰਗ ਦਲ ਮੜੀਆਂ ਵਾਲਿਆਂ ਦੇ ਇੰਚਾਰਜ ਬਾਬਾ ਹਰੀ ਸਿੰਘ ਨੇ ਗੱਲਬਾਤ ਕਰਦਿਆਂ ਬਹੁਤਾ ਕੁਝ ਨਾ ਕਹਿੰਦਿਆਂ ਸਰਦਾਰ ਸੰਧਵਾਂ ਨੂੰ ਸੁਣਨ ਦੀ ਉਤਸੁਕਤਾ ਜਤਾਈ ਤੇ ਕੌਮ ਦੇ ਸਮਝਦਾਰ ਗੁਰਸਿੱਖ ਲੀਡਰ ਹੋਣ ਕਰਕੇ ਆਦਰ ਮਾਣ ਦਿੱਤਾ।ਜਾਣੇ ਪਛਾਣੇ ਉੱਘੇ ਬਿਜਨਸਮੈਨ ਤੇ ਫਾਰਮਰ ਮਹਿੰਦਰ ਸਿੰਘ ਸੰਘਾ ਨੇ ਸਰਦਾਰ ਸੰਧਵਾਂ ਸਾਹਿਬ ਨੂੰ ਵਾਟਕਾਮ ਕਾਉਂਟੀ ਦੀ ਪੰਜਾਬੀ ਕਮਿਉਨਿਟੀ ਦੇ ਰੂਬਰੂ ਕਰਵਾਉਣ ਲਈ ਪੰਜਾਬੀ ਸਭਾ ਬੈਲਿੰਗਹੈਮ ਦੇ ਉੱਦਮਾਂ ਦੀ ਤਾਰੀਫ਼ ਕਰਦਿਆਂ ਸਰਦਾਰ ਸੰਧਵਾਂ ਨੂੰ 'ਜੀ ਆਇਆਂ ਨੂੰ'ਕਿਹਾ। ਉਹਨਾਂ ਨੇ ਕਿਹਾ ਪੰਜਾਬ, ਪੰਜਾਬੀ, ਸਾਡਾ ਸੱਭਿਆਚਾਰ ਮੁੜ ਬਹਾਲ ਕਰਨ ਦੀ ਉਮੀਦ ਮੌਜੂਦਾ ਸਰਕਾਰ ਤੋਂ ਕੀਤੀ ਜਾਂਦੀ ਹੈ ਤਾਂ ਜੋ ਹਰ ਐਨ ਆਰ ਆਈ ਪੰਜਾਬ ਦੇ ਸੁਖਾਵੇਂ ਮਹੌਲ ਵਿਚ ਚਿੰਤਾ ਮੁਕਤ ਹੋ ਕੇ ਵਿਚਰ ਸਕੇ।ਵਾਟਕਾਉਮ ਕਾਉਂਟੀ ਦੇ ਮੌਜੂਦਾ ਐਗਜੈਕਟਿਵ (ਡੀ ਸੀ)ਰਿਟਾਇਰਡ ਅਧਿਆਪਕ ਤੇ ਡੀਨ ਸਤਪਾਲ ਸਿੰਘ ਸਿੱਧੂ ਨੇ ਅਮਰੀਕਾ ਤੇ ਭਾਰਤ ਦੇ ਅਦਾਰਿਆਂ, ਸਿਸਟਮ ਦੀ ਇਤਿਹਾਸਕ ਪੱਖ ਤੋਂ ਤੁਲਨਾ ਕਰਦਿਆਂ ਅਮਰੀਕਾ ਵਿਚ ਹਰ ਜ਼ੁੰਮੇਵਾਰ ਵਿਅਕਤੀ, ਨੌਕਰਸ਼ਾਹੀ ਦੀ ਆਪ ਫੈਸਲਾ ਲੈਣ ਦੀ ਤਾਕਤ ਤੇ ਜਵਾਬਦੇਹੀ ,ਕਾਨੂੰਨ ਤੇ ਅਖਲਾਕੀ ਜ਼ਿੰਮੇਵਾਰੀ ਨੂੰ ਸਿਸਟਮ ਦੀ ਵੱਡੀ ਤਾਕਤ ਦੱਸਿਆ। ਉਹਨਾਂ ਮੁਤਾਬਕ ਇਸ ਸਿਸਟਮ ਵਿਚ ਆਪ-ਹੁਦਰੇਪਣ ਨੂੰ ਕੋਈ ਗੁੰਜਾਇਸ਼ ਨਹੀਂ ਹੈ।ਅਮਰੀਕਾ ਵਿਚ ਅਫ਼ਸਰਸ਼ਾਹੀ ਦੀ ਚੋਣ ਵੀ ਲੋਕ ਆਪ ਕਰਦੇ ਨੇ ਤੇ ਹਟਾਉਣ ਦੀ ਵੱਡੀ ਤਾਕਤ ਵੀ ਆਪ ਰੱਖਦੇ ਹਨ ।ਅਖੀਰ ਵਿਚ ਸਰਦਾਰ ਸੰਧਵਾਂ ਨੇ ਬੜੀ ਸੰਜੀਦਗੀ ਨਾਲ ਸਾਰੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਪੰਜਾਬ ਵਿਚ ਇਤਿਹਾਸਕ ਪੱਖੋਂ ਬੜੇ ਉਤਰਾਅ ਚੜਾਅ ਆਏ ਨੇ ਤੇ ਆ ਰਹੇ ਨੇ। ਪੰਜਾਬ ਵਿਚ ਅਕਾਲ ਪੁਰਖ ਆਪ ਵਰਤਦਾ ਏ , ਉਹ ਪੰਜਾਬ ਜਿਹੜਾ ਗੁਰਾਂ ਦੇ ਨਾਂ ਤੇ ਵੱਸਦਾ ਉਸਦੇ ਸੁਚੱਜੇ, ਉਚੇਰੇ ਭਵਿੱਖ ਲਈ ਉਹ ਹਰ ਸੰਭਵ ਯਤਨ ਕਰ ਰਹੇ ਹਨ ਤੇ ਕਰਦੇ ਰਹਿਣਗੇ। ਆਪਣੇ ਅੱਜ ਦੇ ਰੁਤਬੇ ਨੂੰ ਉਹਨਾਂ ਨੇ ਆਪਣੀ ਕੈਂਸਰ ਦੇ ਮਰੀਜ਼ਾਂ ਪ੍ਰਤੀ ਨਿਭਾਈ ਸੇਵਾ ਨੂੰ ਦੁਆਵਾਂ ਵਜੋਂ ਗੁਰੂ ਮਾਹਾਰਾਜ਼ ਦੀ ਬਖਸ਼ਿਸ਼ ਮੰਨਿਆ ਤੇ ਜ਼ਿੰਦਗੀ ਨੂੰ ਮਨੁੱਖਤਾ ਦੀ ਸੇਵਾ ਲੇਖੇ ਲਾਉਣਾ ਹੀ ਆਪਣਾ ਮਕਸਦ ਦੱਸਿਆ ।ਉਹਨਾਂ ਆਪਣੇ ਜਲਦੀ ਜਲਦੀ ਸਮੇਟ ਰਹੇ ਪੋਗਰਾਮਾਂ ਬਾਰੇ ਤੇ ਯਾਤਰਾ ਦੇ ਮਕਸਦ ਬਾਰੇ ਦੱਸਦਿਆਂ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋ ਅਪੋਲੋ ਖੇਡਾਂ ਦੇ ਸਿਲਸਿਲੇ ਵਿਚ ਆਏ ਸਨ ਪਰ ਉਹਨਾਂ ਨੂੰ ਇਹ ਬਦੇਸ਼ ਦੌਰਾ ਪੰਜਾਬ ਵਿੱਚ ਆਏ ਹੜਾਂ ਦੀ ਮੱਦੇ ਨਜ਼ਰ ਮੁਲਤਵੀ ਕਰਨਾ ਪਿਆ ਹੈ । ਉਹ ਜਾਂਦੇ ਜਾਂਦੇ ਆਪਣੇ ਪਰਮ ਮਿੱਤਰ ਗੁਰਪ੍ਰੀਤ ਸਿੰਘ ਚੰਦਬਾਜਾ ਕੋਲ ਬੈਲਿੰਗਹੈਮ ਵਿੱਚ ਰੁਕਣ ਕਰਕੇ ਸਭਾ ਲਈ ਹਾਜ਼ਰੀ ਲਵਾ ਸਕੇ ਹਨ । ਉਹਨਾਂ ਨੇ ਪੰਜਾਬੀ ਸਾਹਿਤ ਸੰਗੀਤ ਤੇ ਕਲਾ ਮੰਚ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

ਦਰਸ਼ਕਾਂ ਵਜੋਂ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਉਣ ਵਾਲਿਆਂ ਦੀ ਭਰਵੀਂ ਗਿਣਤੀ ਵਿੱਚ ਕਈ ਦਰਸ਼ਕ ਪ੍ਰੋਗਰਾਮ ਦੀ ਸਮਾਪਤੀ ਤੇ ਆਏ ਤੇ ਕਈਆਂ ਨੂੰ ਕੰਮਾਂ ਕਾਰਜਾਂ ਦੀ ਮਜ਼ਬੂਰੀ ਕਰਕੇ ਜਾਣਾ ਪਿਆ।ਇਸ ਪ੍ਰੋਗਰਾਮ ਵਿੱਚ ਕੁਲਵੰਤ ਸਿੰਘ ਔਲਖ,ਬਿਕਰਮ ਚੀਮਾ,ਸੁਖਪ੍ਰੀਤ ਭੁੱਲਰ,ਜਸਵੀਰ ਰੰਧਾਵਾ,ਰਾਮ ਮੂਰਤੀ,ਗੁਰਪਾਲ ਸਿੰਘ ਸ਼ੇਰਪੁਰੀ, ਸ਼ਮਿੰਦਰ ਸਿੰਘ ਚਾਹਲ,ਰੂੜ੍ਹ ਸਿੰਘ ਮਲੂਕਾ,ਗੁਰਪ੍ਰੀਤ ਸਿੰਘ ਕਾਹਲੋਂ, ਸੁਖਜੀਤ ਸਿੰਘ ਰੰਧਾਵਾ,ਗੁਰਪ੍ਰੀਤ ਸਿੰਘ ਧੰਜੂ,ਕਰਨਵੀਰ ਸਿੰਘ ਬਰਾੜ,ਇਕਬਾਲ ਸਿੰਘ ਢਿੱਲੋਂ , ਗਗਨਜੋਤ ਸਿੰਘ ਬਰਾੜ,ਦਾਨਸ਼ਵਰ ਸਿੰਘ ਢਿੱਲੋਂ,ਜਿੰਦੂ ਸੰਘਾ,ਨਵਨੀਤ ਸਿੰਘ ਬਰਾੜ ਆਦਿ ਸ਼ਾਮਲ ਹੋਏ।ਪ੍ਰਧਾਨਗੀ ਮੰਡਲ ਵਿਚ ਸਰਦਾਰ ਕੁਲਤਾਰ ਸਿੰਘ ਸੰਧਵਾ ਦੀ ਪ੍ਰਧਾਨਗੀ ਹੇਠ ਸਿੰਘ ਸਭਾ ਗੁਰਦੁਆਰਾ ਬੈਲਿੰਗਹੈਮ ਦੇ ਮੌਜੂਦਾ ਪ੍ਰਧਾਨ ਤੇ ਡਾਇਰੈਕਟਰ ਦਵਿੰਦਰ ਸਿੰਘ ਸਹੋਤਾ, ਮਹਿੰਦਰ ਸਿੰਘ ਸੰਘਾ,ਬਾਬਾ ਜੀ ਹਰੀ ਸਿੰਘ ਕਾਹਲੋਂ ਅਤੇ ਸਤਪਾਲ ਸਿੰਘ ਸਿੱਧੂ ਸ਼ਾਮਲ ਹੋਏ ।ਸਭਾ ਵੱਲੋਂ ਸਰਦਾਰ ਸੰਧਵਾਂ ਨੂੰ ਸਨਮਾਨ ਪੱਤਰ ਦਿੱਤਾ ਗਿਆ ।ਇਸ ਸਾਰੇ ਪ੍ਰੋਗਰਾਮ ਦੀ ਕਵਰੇਜ 'ਲਾਈਵ ਪੰਜਾਬੀ ਟੀ ਵੀ , ਪੀ ਟੀ ਸੀ ਚੈਨਲ ਤੇ ਪੰਜਾਬੀ ਪਹਿਚਾਣ' ਅਖ਼ਬਾਰ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਧੰਜੂ ਨੇ ਕੀਤੀ ।ਇਸ ਮੌਕੇ ਸਭਾ ਵੱਲੋਂ ਚਾਹ-ਪਾਣੀ ,ਸਨੈਕਸ ਤੇ ਸਮੋਸਿਆਂ ਦਾ ਬੰਦੋਬਸਤ ਵੀ ਕੀਤਾ ਗਿਆ। ਸਭਾ ਦੇ ਪ੍ਰਬੰਧਕਾਂ ਵੱਲੋਂ ਸਾਰੇ ਹੀ ਆਏ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# ਮਨਜੀਤ ਕੌਰ ਗਿੱਲ ਦਾ ਗੀਤ "ਆਪਣੇ ਪਿੰਡ" ਸਿਆਟਲ ਵਿਚ ਰਿਲੀਜ਼

ਸਿਆਟਲ:-ਸ਼ਨਿਚਰਵਾਰ 30 ਅਗਸਤ 2025 ਪੰਜਾਬੀ ਲਿਖ਼ਾਰੀ ਸਭਾ ਸਿਆਟਲ ਰਜਿ: ਵਲੋਂ ਰੰਧਾਵਾ ਫਾਊਂਡੇਸ਼ਨ ਕੈਂਟ (ਸਿਆਟਲ) ਦੇ ਹਾਲ ਵਿਚ ਲਿਖਾਰੀਆਂ ਅਤੇ ਸਰੋਤਿਆਂ ਦੀ ਭਰਵੀਂ ਹਾਜਰੀ ਵਿਚ ਗੀਤ ਸੰਗੀਤ ਅਤੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਮਨਜੀਤ ਕੌਰ ਗਿੱਲ ਦਾ ਲਿਖਿਆ 'ਤੇ ਸ਼ਾਨ ਦਿਓਲ ਦਾ ਗਾਇਆ ਹੋਇਆ, ਅਦਾਕਾਰ ਭੁਪਿੰਦਰ ਬਰਨਾਲਾ ਅਤੇ ਰੁਪਿੰਦਰ ਰੂਪੀ ਦਾ ਫ਼ਿਲਮਾਇਆ ਗੀਤ "ਆਪਣੇ ਪਿੰਡ" ਰਲੀਜ਼ ਕੀਤਾ ਗਿਆ। ਇਸ ਗੀਤ ਨੂੰ ਸੁਣਦੇ ਹੀ ਆਪ ਮੁਹਾਰੇ ਦਰਸ਼ਕ ਪੱਬਾਂ ਭਾਰ ਹੋ ਭੰਗੜਾ ਪਾਉਣ ਲੱਗਦੇ ਹਨ। ਇਸ ਮੌਕੇ ਵੀ ਜਦੋਂ ਇਹ ਗੀਤ ਸ਼ਾਨ ਦਿਓਲ ਨੇ ਸਟੇਜ ਤੋਂ ਗਾਉਣਾ ਸ਼ੁਰੂ ਕੀਤਾ ਤਾਂ ਕਈਆਂ ਨੇ ਉਸਦੇ ਨਾਲ ਹੀ ਸਟੇਜ ਤੇ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਬਾਕੀ ਦਰਸ਼ਕਾਂ ਨੇ ਤਾੜੀਆਂ ਮਾਰਦੇ ਹੋਏ ਦਾਦ ਦਿੱਤੀ।

ਸਭ ਤੋਂ ਪਹਿਲਾਂ ਗੁਰਪ੍ਰੀਤ ਸਿੰਘ ਸੋਹਲ ਨੇ ਸਟੇਜ ਸੰਭਾਲਦੇ ਹੋਏ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਦੇ ਪ੍ਰਬੰਧਕੀ ਬੋਰਡ ਮੈਂਬਰ ਅਵਤਾਰ ਸਿੰਘ ਆਦਮਪੁਰੀ ਨੂੰ ਸਟੇਜ ਤੇ ਬੁਲਾਇਆ ਜਿਨ੍ਹਾਂ ਨੇ ਸਭ ਨੂੰ ਜੀ ਆਇਆਂ ਕਹਿੰਦੇ ਹੋਏ ਧੰਨਵਾਦ ਕੀਤਾ। ਆਦਮਪੁਰੀ ਨੇ ਸਭਾ ਦੀ ਸਾਬਕਾ ਪ੍ਰਧਾਨ ਮਰਹੂਮ ਸਵਰਾਜ ਕੌਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੀ ਪੰਜਾਬੀ ਮਾਂ ਬੋਲੀ ਨੂੰ ਦੇਣ ਅਤੇ ਉਨ੍ਹਾਂ ਵੱਲੋਂ ਲਿਖੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਸਵਰਾਜ ਕੌਰ 16 ਅਗਸਤ 2024 ਨੂੰ ਸਾਨੂੰ ਸਰੀਰਕ ਵਿਛੋੜਾ ਦੇ ਗਏ ਸਨ ਪਰ ਉਨ੍ਹਾਂ ਦੀ ਰੂਹ ਹਮੇਸ਼ਾ ਸਾਹਿਤਕ ਸਭਾਵਾਂ ਵਿਚ ਵਸਦੀ ਰਹੇਗੀ। ਆਦਮਪੁਰੀ ਨੇ ਸੰਗੀਤਕ ਮਾਹੌਲ ਦੀ ਸ਼ੁਰੂਆਤ ਧਾਰਮਿਕ ਗੀਤ ਨਾਲ਼ ਸ਼ੁਰੂ ਕੀਤੀ ਤੇ ਉਨ੍ਹਾਂ ਤੋਂ ਬਾਅਦ ਹਰਦਿਆਲ ਸਿੰਘ ਚੀਮਾ, ਸਿਮਰਨ ਸਿੰਘ (ਸਾਡਾ ਟੀਵੀ ), ਜੀਤਾ ਉੱਪਲ ਨਵੇਂ ਪਿੰਡੀਆ, ਜਸਵੀਰ ਸਹੋਤਾ ਤਲਵਣੀਆ, ਪਰਮਜੀਤ ਸਿੰਘ ਜੌਹਲ (ਡਾਇਰੈਕਟਰ ਪੰਜਾਬੀ ਸਭਾ ਬੈਲਿੰਗਹੈਮ), ਸਤਨਾਮ ਸਿੰਘ, ਕਰਨੈਲ ਕੈਲ, ਅਮਰਜੀਤ ਸਿੰਘ ਤਰਸਿੱਕਾ, ਜਸਪਾਲ ਜੱਸੀ, ਹਰਜਿੰਦਰ ਸਿੰਘ ਨਾਗੋਕੇ, ਡਾ: ਸੁਖਵੀਰ ਸਿੰਘ ਬੀਹਲਾ, ਸੁਖਦੀਪ ਸਿੰਘ ਔਲਖ, ਨਵੀਨ ਰਾਏ, ਕਰਮਦੀਪ ਸਿੰਘ ਸਹੋਤਾ, ਹਰਪਾਲ ਸਿੱਧੂ, ਸਤਵਿੰਦਰ ਕੌਰ (ਪ੍ਰੈਜ਼ੀਡੈਂਟ ਕੈਂਟ ਸਿਟੀ ਕੌਂਸਲ), ਮਨਜੀਤ ਕੌਰ ਗਿੱਲ, ਜਸਵੀਰ ਕੌਰ ਸਿੱਧੂ ਨਿੱਝਰ, ਰਵੀ ਸੰਘੇੜਾ, ਮਲਕੀਤ ਕੌਰ, ਨਵੀਨ ਕੁਮਾਰ ਅਤੇ ਸ਼ਾਨ ਦਿਓਲ ਨੇ ਸਟੇਜ ਤੇ ਬੋਲਦਿਆਂ ਆਪੋ ਆਪਣੇ ਵਿਚਾਰਾਂ ਅਤੇ ਗੀਤਾਂ ਕਵਿਤਾਵਾਂ ਰਾਹੀਂ ਸਾਂਝ ਪਾਉਂਦਿਆਂ ਮਹੌਲ ਖੁਸ਼ਗਵਾਰ ਬਣਾਈ ਰੱਖਿਆ ਅਤੇ ਇਹ ਯਾਦਗਾਰੀ ਪਲਾਂ ਨੂੰ ਚੇਤਿਆਂ ਵਿਚ ਸਾਂਭਣਯੋਗ ਬਣਾ ਕੇ ਪੇਸ਼ ਕੀਤਾ। ਹਾਜ਼ਰ ਸਰੋਤਿਆਂ ਵਿਚ ਰਾਜਬੀਰ ਸਿੰਘ, ਸੁਰਿੰਦਰ ਕੌਰ ਬ੍ਰਹਮ, ਤਲਵਿੰਦਰ ਕੌਰ, ਭੁਪਿੰਦਰ ਕੌਰ, ਰਾਮ ਸਿੰਘ ਧਾਲੀਵਾਲ, ਤਜਿੰਦਰ ਸਿੰਘ, ਜਗਦੀਸ਼ ਕੌਰ ਸੰਘੇੜਾ ਆਦਿ ਦੇ ਨਾਮ ਜ਼ਿਕਰਯੋਗ ਹਨ। ਵਾਸਦੇਵ ਸਿੰਘ ਪਰਹਾਰ, ਈਸ਼ਰ ਸਿੰਘ ਗਰਚਾ, ਸਾਧੂ ਸਿੰਘ ਝੱਜ ਹੁਰਾਂ ਨੇ ਨਿੱਜੀ ਰੁਝੇਵਿਆਂ ਕਾਰਨ ਨਾ ਪਹੁੰਚ ਸਕਣ ਕਰ ਕੇ ਫੋਨ ਮੈਸੇਜ ਭੇਜ ਕੇ ਆਪਣੀ ਹਾਜ਼ਰੀ ਲਗਵਾਈ।

ਇਸ ਸਾਰੇ ਪ੍ਰੋਗਰਾਮ ਦੀ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਦੀ ਸੇਵਾ ਡਾ: ਸੁਖਵੀਰ ਸਿੰਘ ਬੀਹਲਾ ,ਹਰਪਾਲ ਸਿੱਧੂ ਤੇ ਜੀਤਾ ਉੱਪਲ ਨੇ ਅਤੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਗੁਰਪ੍ਰੀਤ ਸੋਹਲ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਚਾਹ ਪਾਣੀ ਅਤੇ ਪੀਜ਼ੇ ਨਾਲ ਆਏ ਮਹਿਮਾਨਾਂ ਦੀ ਖ਼ਾਤਰਦਾਰੀ ਕੀਤੀ ਗਈ ।

ਯਾਦ ਰਹੇ ਪੰਜਾਬੀ ਲਿਖ਼ਾਰੀ ਸਭਾ ਸਿਆਟਲ ਰਜਿ: ਦਾ ਪ੍ਰਬੰਧ ਇਸ ਵੇਲੇ ਛੇ ਮੈਂਬਰੀ ਬੋਰਡ ਅਵਤਾਰ ਸਿੰਘ ਆਦਮਪੁਰੀ, ਹਰਦਿਆਲ ਸਿੰਘ ਚੀਮਾ, ਸਾਧੂ ਸਿੰਘ ਝੱਜ, ਮੰਗਤ ਰਾਏ ਕੁਲਜਿੰਦ, ਗੁਰਪ੍ਰੀਤ ਸੋਹਲ ਅਤੇ ਹਰਪਾਲ ਸਿੱਧੂ ਵਲੋਂ ਚਲਾਇਆ ਜਾ ਰਿਹਾ ਹੈ।




ਆਪਣੇ ਵਪਾਰ ਦੇ ਵਾਧੇ ਲਈ ਇਸ਼ਤਿਹਾਰ ਪਾਉਣ ਲਈ ਫੋਨ ਕਰੋ 604-590-5200

ਗੁਰੂ ਨਾਨਕ ਗੁਰਸਿੱਖ ਗੁਰਦੁਆਰਾ
ਲਿੰਡਨ (ਬੈਲਿੰਗਹੈਮ), WA (ਯੂ.ਐਸ.ਏ) (USA)

176 E Pole Road / 6934 Meridian St Lynden, WA. 98264 (Bellingham)



7 ਸਤੰਬਰ ਦਿਨ ਐਤਵਾਰ ਸਮੂਹ ਸੰਗਤਾਂ ਵੱਲੋਂ ਹਫਤਾਵਾਰੀ ਦੀਵਾਨ ਸਜਣਗੇ

ਮੁੱਖ ਸੇਵਾਦਾਰ:ਪਰਮਜੀਤ ਸਿੰਘ ਕੁਲਾਰ: 360-733-6444, ਮੁੱਖ ਵਜ਼ੀਰ ਗਿਆਨੀ ਹਰੀ ਸਿੰਘ ਜੀ 360-398-1184

ਵੱਲੋਂ:ਗੁ. ਪ੍ਰਬੰਧਕ ਕਮੇਟੀ ਤੇ ਸਮੂੰਹ ਇਲਾਕਾ ਨਿਵਾਸੀ

# ਯੁਨਾਈਟਿਡ ਸਿੱਖਜ਼ ਵੱਲੋਂ ਪੰਜਾਬ ਦੇ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਹਤ ਕਾਰਜ ਜ਼ੋਰਾਂ ਤੇ




ਚੰਡੀਗੜ੍ਹ (ਸੁਰਜੀਤ ਸਿੰਘ ਸੱਤੀ):ਯੂਨਾਈਟਿਡ ਸਿੱਖਜ਼, ਜੋ ਕਿ ਸੰਯੁਕਤ ਰਾਸ਼ਟਰ ਨਾਲ ਸਬੰਧਤ ਅਮਰੀਕਾ ਆਧਾਰਤ ਐਡਵੋਕੇਸੀ ਗਰੁੱਪ ਹੈ।ਅਗਸਤ 13 ਤੋਂ ਪੰਜਾਬ ਦੇ ਵੱਖ- ਵੱਖ ਇਲਾਕਿਆਂ ਵਿਚ ਹੜ ਰਾਹਤ ਕਾਰਜ ਚਲਾ ਰਿਹਾ ਹੈ, ਜਦੋਂ ਸੱਭ ਤੋਂ ਪਹਿਲਾਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਖੇਤਰਾਂ ਵਿਚ ਪਾਣੀ ਦਾਖ਼ਲ ਹੋਇਆ ਸੀ। ਪੰਜਾਬ ਵਿਚ ਯੂਨਾਈਟਿਡ ਸਿੱਖਜ਼ ਦੀ ਪ੍ਰਤੀਨਿਧਤਾ ਕਰਦੇ ਅਤੇ ਰਾਹਤ ਕਾਰਜਾਂ ਦਾ ਚਲਾ ਰਹੇ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਸਾਡੇ ਸੰਗਠਨ ਵਲੋਂ ਇਸ ਵੇਲੇ ਅਜਨਾਲਾ, ਡੇਰਾ ਬਾਬਾ ਨਾਨਕ, ਰਮਦਾਸ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਵਿਚ ਰਾਹਤ ਕੈਂਪ ਚਲਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਅਸੀਂ ਹਜ਼ਾਰਾਂ ਵਾਰਾਂ ਨੂੰ ਹੜ੍ਹ ਦੇ ਪਾਣੀ ਵਿਚ ਡੁੱਬੇ ਪਿੰਡਾਂ ਤੋਂ ਸੁਰੱਖਿਅਤ ਥਾਵਾਂ 'ਤੇ ਲਿਜਾਇਆ ਗਿਆ ਹੈ, ਖ਼ਾਸ ਕਰ ਕੇ ਗੁਰਦੁਆਰਿਆਂ, ਧਰਮਸ਼ਾਲਾ ਅਤੇ ਕਮਿਊਨਿਟੀ ਸੈਂਟਰਾਂ ਵਿਚ ਅਤੇ ਨਾਲ ਹੀ ਲੰਗਰ ਦੀ ਸੇਵਾ ਵੀ ਕਰ ਰਹੇ ਹਾਂ। ਦਿਨ-ਰਾਤ ਕਰੀਬ ਇਕ ਦਰਜਨ ਕਿਸ਼ਤੀਆਂ ਚਲ ਰਹੀਆਂ ਹਨ,ਜੋ ਹੜ੍ਹ ਪੀੜਤਾਂ ਨੂੰ 15 ਫੁੱਟ ਤਕ ਡੁੱਬੇ ਇਲਾਕਿਆਂ ਤੋਂ ਕੱਢ ਰਹੀਆਂ ਹਨ। ਪਿੰਡ ਵਾਸੀ ਕਹਿ ਰਹੇ ਹਨ ਕਿ ਇਹ ਸਥਿਤੀ 1988 ਦੇ ਹੜ੍ਹ ਨਾਲੋਂ ਵੀ ਭਿਆਨਕ ਹੈ। ਫ਼ਿਰੋਜ਼ਪੁਰ ਵਿਚ ਸੇਵਾ ਨਿਭਾ ਰਹੇ ਯੂਨਾਈਟਿਡ ਸਿੱਖਜ਼ ਦੇ ਸੇਵਾਦਾਰ ਦੇਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਇਸ ਵੇਲੇ ਬਚਾਅ ਕਾਰਜਾਂ ਵਿਚ ਰੁਝੇ ਹੋਏ ਹਾਂ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜ਼ਰੂਰੀ ਦਵਾਈਆਂ ਅਤੇ ਤਾਜ਼ਾ ਬਣਿਆ ਹੋਇਆ ਖਾਣੇ। ਲੋਕਾਂ ਤਕ ਪਹੁੰਚ ਰਹੇ ਹਾਂ। ਅੰਮ੍ਰਿਤਪਾਲ ਸਿੰਘ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਡੇ ਕੋਲ ਕਿਸਾਨਾਂ ਦੀ ਸਹਾਇਤਾ ਲਈ ਯੋਜਨਾ ਅਤੇ ਸਮੱਗਰੀ ਤਿਆਰ ਹੈ। ਪਾਣੀ ਪੂਰੀ ਤਰ੍ਹਾਂ ਘਟਣ ਤੋਂ ਬਾਅਦ ਅਸੀਂ ਖੇਤਾਂ ਦੀ ਸਫ਼ਾਈ (ਡੀ-ਸਿਲਵਿੰਗ) ਲਈ ਡੀਜ਼ਲ ਅਤੇ ਰੱਬੀ ਫ਼ਸਲਾਂ ਦੇ ਬੀਜ ਪ੍ਰਦਾਨ ਕਰਾਂਗੇ।

# 36 ਸਿੱਖ ਪਲਟਣ ਦੀ ਬੇਮਿਸਾਲ ਹੋਈ"ਸਾਰਾਗੜ੍ਹੀ ਵਿਖੇ ਲੜਾਈ ਦੀ 128ਵੀਂ ਵਰੇਗੰਡ ਤੇ ਸ਼ਹੀਦਾਂ ਲਈ ਸਰੀ ਵਿਖੇ ਵਿਸ਼ੇਸ਼ ਸ਼ਰਧਾਂਜਲੀ ਸਮਾਰੋਹ

ਸਰੀ:"ਸਾਰਾਗੜ੍ਹੀ ਦੀ ਮਹਾਂਕਾਵਿ ਲੜਾਈ ਦਾ ਸਭ ਤੋਂ ਉੱਚਾ "ਬਹਾਦਰੀ ਲੜਾਈ ਸਨਮਾਨ" ਦਿਵਸ 11 ਸਤੰਬਰ 2025 ਨੂੰ ਸ਼ਾਮ 6:30 ਵਜੇ ਰਿਵਰਸਾਈਡ ਸਿਗਨੇਚਰ ਬੈਂਕੁਇੰਟ ਹਾਲ- 13030-76 ਐਵਨਿਊ ਸਰੀ, ਬੀ.ਸੀ ਵਿਖੇ ਮਨਾਇਆ ਜਾ ਰਿਹਾ ਹੈ। ਭਾਰਤੀ ਹਥਿਆਰ ਬੰਦ ਬਲਾਂ ਦੇ ਸਾਰੇ ਸਾਬਕਾ ਸੈਨਿਕਾਂ ਨੂੰ ਆਪਣੀਆਂ ਸਪਤਨੀਆਂ ਨਾਲ ਇਸ ਮੌਕੇ ਤੇ ਹਾਜਰ ਹੋਣ ਲਈ ਆਦਰ ਪੂਰਵਕ ਸੱਦਾ ਦਿੱਤਾ ਜਾਂਦਾ ਹੈ।ਇਸ ਮੌਕੇ ਤੇ ਹਾਜ਼ਰ ਹੋਣ ਦੀ ਪੁਸ਼ਟੀ ਬਾਰੇ ਕਿਰਪਾ ਕਰਕੇ 08 ਸਤੰਬਰ 2025 ਤੱਕ ਸਕਾਰਾਤਮਕ ਤੌਰ ਤੇ ਫੋਨ ਨੰਬਰ 604-501-3939 ਤੇ ਜਾਂ ਈ ਮੇਲ ((ਨਦਿਓਨਇਣਸਏਰਵਿਚੲਮੲਨ੍ਹੇਓਹੋ.ਚੋਮ) ਤੇ ਸੂਚਿਤ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਇਸ ਟੈਲੀਫੋਨ ਨੰਬਰ ਤੇ (1000 ਵਜੇ ਤੋਂ 1300 3 ) ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀਆਂ ਦੇ ਗਿਰੋਹ ਵੱਲੋਂ ਦਿਨ-ਦਿਹਾੜੇ ਵਾਰਦਾਤ



ਮਾਰਖਮ:ਕੈਨੇਡਾ ਵਿਚ ਦਿਨ ਦਿਹਾੜੇ ਔਰਤ ਨੂੰ ਅਗਵਾ ਕਰਨ ਅਤੇ ਇਕ ਘਰ 'ਤੇ ਹਮਲਾ ਕਰਦਿਆਂ ਇਕ ਸ਼ਖਸ ਨੂੰ ਗੋਲੀ ਮਾਰਨ ਦੇ ਮਾਮਲੇ ਵਿਚ ਚੜ੍ਹਦੇ ਅਤੇ ਲਹਿੰਦੇ ਪੰਜਾਬ ਨਾਲ ਸਬੰਧਤ ਚਾਰ ਸ਼ੱਕੀਆਂ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ ਜਦਕਿ ਪੰਜਵਾਂ ਫਰਾਰ ਹੋ ਗਿਆ। ਮਾਰਖਮ ਵਿਖੇ ਵਾਪਰੇ ਘਟਨਾਕ੍ਰਮ ਬਾਰੇ ਯਾਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਇਕ ਔਰਤ ਆਪਣੀ ਗੱਡੀ ਵਿਚ ਜਾ ਰਹੀ ਸੀ ਜਦੋਂ ਸ਼ੱਕੀਆਂ ਨੇ ਜਾਣ-ਬੁੱਝ ਕੇ ਆਪਣੀ ਗੱਡੀ ਨਾਲ ਟੱਕਰ ਮਾਰ ਦਿਤੀ।ਗੱਡੀ ਦਾ ਨੁਕਸਾਨ ਦੇਖਣ ਲਈ ਔਰਤ ਬਾਹਰ ਆਈ ਤਾਂ ਸ਼ੱਕੀਆਂ ਦੀ ਦੂਜੀ ਗੱਡੀ ਉਸ ਕੋਲ ਆ ਕੇ ਰੁਕੀ ਅਤੇ ਔਰਤ ਨੂੰ ਜ਼ਬਰਦਸਤੀ ਬਿਠਾ ਕੇ ਲੈ ਗਏ।ਇਕ ਘੰਟੇ ਬਾਅਦ ਮਾਰਖਮ ਦੇ ਮਕੌਵਨ ਰੋਡ ਅਤੇ 14ਵੇਂ ਐਵੇਨਿਊ ਨੇੜਲੇ ਇਕ ਘਰ ਵਿਚ ਪੰਜ ਸ਼ੱਕੀ ਦਾਖਲ ਹੋਏ ਅਤੇ ਉਥੇ ਮੌਜੂਦ ਪਰਵਾਰਕ ਮੈਂਬਰਾਂ ਨੂੰ ਦਾਬਕਾ ਮਾਰਿਆ ਕਿ ਤੁਹਾਡਾ ਇਕ ਜੀਅ ਕਿਡਨੈਪ ਹੋ ਚੁੱਕਾ ਹੈ।ਘਰ ਦੇ ਮੈਂਬਰਾਂ ਨਾਲ ਖਹਿਬਾਜ਼ੀ ਦੌਰਾਨ ਸ਼ੱਕੀਆਂ ਨੇ ਗੋਲੀ ਚਲਾ ਦਿਤੀ ਅਤੇ 54 ਸਾਲ ਦਾ ਇਕ ਸ਼ਖਸ ਜ਼ਖਮੀ ਹੋ ਗਿਆ।ਰੌਲੇ ਰੱਪੇ ਦਰਮਿਆਨ ਪੁਲਿਸ ਨੂੰ ਇਤਲਾਹ ਮਿਲ ਚੁੱਕੀ ਸੀ ਅਤੇ ਜਿਉਂ ਹੀ ਸਾਇਰਨ ਵੱਜੇ ਤਾਂ ਸ਼ੱਕੀਆਂ ਨੇ ਫਰਾਰ ਹੋਣ ਦਾ ਯਤਨ ਕੀਤਾ। ਪੁਲਿਸ ਅਫ਼ਸਰਾਂ ਨੇ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਿਨ੍ਹਾਂ ਕੋਲੋਂ ਇਕ ਭਰੀ ਹੋਈ ਪਸਤੌਲ ਬਰਾਮਦ ਕੀਤੀ ਗਈ।ਪੰਜਵੇਂ ਸ਼ੱਕੀ ਦੀ ਹੁਲੀਆ ਜਾਰੀ ਕਰਦਿਆਂ ਪੁਲਿਸ ਨੇ ਦੱਸਿਆ ਕਿ ਉਸ ਦੀ ਉਮਰ 18 ਤੋਂ 25 ਸਾਲ ਦਰਮਿਆਨ ਹੋ ਸਕਦੀ ਹੈ ਅਤੇ ਵਾਰਦਾਤ ਵੇਲੇ ਉਸ ਨੇ ਕਾਲੇ ਰੰਗ ਦੇ ਕੱਪੜੇ, ਨਕਾਬ ਅਤੇ ਦਸਤਾਨੇ ਪਾਏ ਹੋਏ ਸਨ।ਦੂਜੇ ਪਾਸੇ ਅਗਵਾ ਔਰਤ ਮਾਮੂਲੀ ਜ਼ਖਮੀ ਹਾਲਤ ਵਿਚ ਟੋਰਾਂਟੋ ਤੋਂ ਮਿਲ ਗਈ ਅਤੇ ਉਸ ਦੀ ਗੱਡੀ ਵੀ ਪੁਲਿਸ ਨੇ ਬਰਾਮਦ ਕਰ ਲਈ। ਗ੍ਰਿਫ਼ਤਾਰ ਸ਼ੱਕੀਆਂ ਵਿਚੋਂ ਦੋ ਦੀ ਸ਼ਨਾਖਤ ਸ਼ਾਕਿਰ ਭੱਟੀ ਅਤੇ ਪਰਕਰਨ ਪੰਗਲੀਆਂ ਵਜੋਂ ਕੀਤੀ ਗਈ ਹੈ ਜਦਕਿ ਦੋ ਸ਼ੱਕੀਆਂ ਦੀ ਉਮਰ 18 ਸਾਲ ਤੋਂ ਘੱਟ ਹੋਣ ਕਾਰਨ ਪਛਾਣ ਜਨਤਕ ਨਹੀਂ ਕੀਤੀ ਗਈ।ਇਹ ਦੋਵੇਂ ਕੈਲੇਡਨ ਅਤੇ ਟੋਰਾਂਟੋ ਨਾਲ ਸਬੰਧਤ ਦੱਸੇ ਜਾ ਰਹੇ ਹਨ। ਚਾਰੇ ਜਣਿਆਂ ਵਿਰੁੱਧ ਇਰਾਦਾ ਕਤਲ, ਅਗਵਾ ਦੀ ਸਾਜ਼ਿਸ਼ ਘੜਨ, ਹਥਿਆਰ ਦੀ ਨੋਕ 'ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ, ਜਾਣ-ਬੁੱਝ ਦੇ ਪਾਬੰਦੀਸ਼ੁਦਾ ਹਥਿਆਰ ਰੱਖਣ ਅਤੇ ਅਪਰਾਧ ਰਾਹੀਂ ਹਾਸਲ 5 ਹਜ਼ਾਰ ਡਾਲਰ ਤੋਂ ਵੱਧ ਮੁੱਲ ਦੀ ਪ੍ਰਾਪਰਟੀ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ।

ਪੰਜਾਬ ਗਾਰਡੀਅਨ ਨਾਲ ਐਡ ਪਾਓ ਅਤੇ ਆਪਣਾ ਬਿਜ਼ਨਸ ਵਧਾਓ
ਪੰਜਾਬ ਗਾਰਡੀਅਨ
Call to Advertise
604-590-5200

ਸਿੰਘ ਸਭਾ ਗੁਰਦੁਆਰਾ
591 Telegraph Rd, Bellingham WA 98226




7 ਸਤੰਬਰ ਦਿਨ ਐਤਵਾਰ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸ. ਪਰਮਿੰਦਰ ਸਿੰਘ ਸੰਘਾ ਪਰਿਵਾਰ ਵੱਲੋਂ ਹੋਵੇਗੀ
ਸਵੇਰੇ 9 ਵਜੇ ਤੋਂ 10.30 ਵਜੇ ਤੱਕ ਸੁਖਮਨੀ ਸਾਹਿਬ ਦੇ ਪਾਠ ਹੋਣਗੇ ਉਪਰੰਤ ਕੀਰਤਨ ਦਰਬਾਰ ਸਜਣਗੇ।
ਅੰਮ੍ਰਿਤ ਵੇਲੇ ਦਾ ਸਮਾਂ: ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 5 ਵਜੇ ਨਿਤਨੇਮ 5:15 -6:15 ਵਜੇ ਤੱਕ ਆਸਾ ਦੀ ਵਾਰ 6:15-7:00 ਵਜੇ ਤੱਕ
ਸ਼ਾਮ ਦਾ ਨਿਤਨੇਮ: ਸ਼ਾਮ 6 ਵਜੇ ਤੋਂ 7 ਵਜੇ ਤੱਕ
ਰਾਗੀ ਜਥਾ:ਭਾਈ ਸਵਰਨ ਸਿੰਘ ਮਿੱਠਾ ਟਿਵਾਣਾ 360-961-6316
ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰ ਸਕਦੇ ਹੋ:360-306-8719

## Over 30 Years of Industry Experience

# MULTANI LAW GROUP

ਆਪਣੀ ਪ੍ਰੇਸ਼ਾਨੀ ਨੂੰ ਘਟਾਉਣ, ਆਪਣਾ ਹੱਕ ਲੈਣ ਅਤੇ ਆਪਣੀ ਜ਼ਿੰਦਗੀ ਨੂੰ
ਸਹੀ ਰਸਤੇ ਤੇ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ



Gerald F. Robison
Senior Attorney

MULTANI LAW GROUP

**Jashan Multani**

**206-243-4219**



Jashan Multani
Associate Partner

## ਅਸੀਂ ਭਰੋਸੇਯੋਗ ਕਾਨੂੰਨੀ ਸਲਾਹ ਪ੍ਰਦਾਨ ਕਰਦੇ ਹਾਂ

**Services we provide:**

- Immigration/Political Asylum
  U-Visa, Vawa,
- SIJ Guardianship Cases
- Car Accidents/Personal Injury
- Evictions

**ਅਸੀਂ ਇਹ ਸੇਵਾਵਾਂ ਪ੍ਰਦਾਨ ਕਰਦੇ ਹਾਂ**

-ਇੰਮੀਗਰੇਸ਼ਨ/ਪੁਲਿਟੀਕਲ ਅਸਾਈਲਮ,
ਯੂ-ਵੀਜਾ, ਵਾਅਵਾ,
-SIJ ਗਾਰਡੀਅਨਸ਼ਿਪ ਕੇਸ
-ਕਾਰ ਐਕਸੀਡੈਂਟ/ਪ੍ਰਸਨਲ ਇਨਜਰੀ
-ਕਿਰਾਏਦਾਰ ਕੱਢਣਾ

**Website:multanilawgroup.com**

**Email:Jashan@multanilawgroup.com**

***Add: 512 West Meeker St, Kent, WA 98032***

ਸਿਆਟਲ ਨਿਵਾਸੀਆਂ ਦਾ ਜਾਣਿਆਂ ਪਹਿਚਾਣਿਆਂ ਤੇ ਭਰੋਸੇਮੰਦ

# USA TRAVEL

## FLY from Seattle to India

**We Represent All Major Airlines**

TURKISH AIRLINES

QATAR AIRWAYS القطرية

DELTA

Emirates

Lufthansa



**Lowest Fare Guaranteed**

**We will beat any fare given in Kent/Seattle Area by Any Travel Agency**

**24 Hr Emergency**
**Call Amit Juneja: 206-992-2724**



***Now 2 Locations To Serve You***

23609 104th Ave SE #101, Kent WA 98031
Ph: 253-867-0450 | 253-867-0451

1729 208th St Suite #202, Bothell WA 98012
Ph: 425-420-1888 | 425-420-1889

Email: info@usatravelguru.com
Website: www.usatravelguru.com

## *India Special FARES*

**USA Travel Services is your one-stop shop for all of your travel needs.**

- Power of Attorney,
- Affidavits, Passports,
- Renunciations
- OCI • Notary Public •
- Translation - Hindi / Punjabi
- Uk & India Online Visa Available

- ਮੁਖਤਿਆਰਨਾਮਾ,
- ਐਫੀਡੈਵਿਟ, ਪਾਸਪੋਰਟ,
- ਓ.ਸੀ.ਆਈ.
- ਨੋਟਰੀ ਪਬਲਿਕ
- ਪੰਜਾਬੀ ਇੰਗਲਿਸ਼ ਦੀ ਟ੍ਰਾਂਸਲੇਸ਼ਨ
- ਇੰਡੀਆ ਦਾ ਵੀਜ਼ਾ ਅਤੇ ਪਾਸਪੋਰਟ ਬਣਵਾਉ








OPEN 6 DAYS A WEEK,
TUESDAY CLOSED

OPENING HOURS
Lunch hours from 11am -2:30pm
Dinner Hours from 5pm-9pm, Last Seating is 8:30pm

The Only True Punjabi (Indian) Vegetarian In Renton

← New Pabla Ready To Eat Frozen Cuisine Available →
Renton Location has Full Grocery Store & Sweet Shop
East Indian Spices, Dairy Products,
ਤੁਸੀਂ ਇਥੋਂ ਤਾਜਾ ਸਵਾਦਲੀਆਂ ਮਠਿਆਈਆਂ ਖਰੀਦ ਸਕਦੇ ਹੋ


ਪਾਬਲਾ ਇੰਡੀਅਨ ਕੁਜ਼ੀਨ ਦੀ ਰੈਂਟਨ ਵਾਲੀ ਲੋਕੇਸ਼ਨ ਤੋਂ ਤੁਸੀਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ, ਮਿਠਾਈ, ਇੰਡੀਅਨ ਮਸਾਲੇ ਡੇਅਰੀ ਲੈ ਸਕਦੇ ਹੋ।

# Pabla Indian Cuisine

Phone: 425-228-4625
Fax: 425-228-4629
Serving Washington for 27 years.
www.pablacuisine.com
pablacuisine@gmail.com

# PABLA PUNJABI PALACE

2nd Location Now Open in Federal Way, WA
2020 S 314th St, Federal Way, WA 98003 (Hillside Plaza)
• Marriage Parties •Birthday Parties •Mehndi Parties • Business Meetings •Any Kind Of Functions
Specials: Take out 7 Days a week
DJ, Dance Floor, Catering for
All Occasions, Big TV Screens & Family Atmosphere
Seating for 1200 people



ਹੁਣ ਤੁਸੀਂ ਇਸ ਲੋਕੇਸ਼ਨ ਤੋਂ ਇੰਡੀਅਨ ਗਰੌਸਰੀ ਅਤੇ ਮਠਿਆਈਆਂ ਵੀ ਲੈ ਸਕਦੇ ਹੋ
For booking your event Please call Jas pabla At
Ph: 206-769-5559
Email: pablajas@yahoo.com

# PIZZA STATION

15300 33rd Ave S. Suite130, Seatac WA
10% Off All Orders
ਇਥੋਂ ਤੁਸੀਂ ਤਾਜੇ ਅਦਰਕ ਧਨੀਏ ਵਾਲੇ ਪੀਜੇ ਦੇ ਨਾਲ-ਨਾਲ ਭਾਰਤੀ ਗਰੌਸਰੀ ਵੀ ਬਹੁਤ ਘੱਟ ਕੀਮਤਾਂ ਤੇ ਖਰੀਦ ਸਕਦੇ ਹੋ।



PH:206-644-4133
Sun to Thurs: 10 am-10 pm
Fri/Sat: 10 am to 11pm
Email:info@pizzastationwa.com

# Space Available for your Ad

ਪੰਜਾਬ ਗਾਰਡੀਅਨ ਨਾਲ
ਐਡ ਪਾਉ ਅਤੇ ਆਪਣਾ
ਬਿਜ਼ਨਸ ਵਧਾਓ



ਪੰਜਾਬ ਗਾਰਡੀਅਨ
PUNJAB GUARDIAN
www.punjabguardian.com

Call to Advertise 604-590-5200

# Boulevard Market



ਇੰਡੀਅਨ ਗਰੌਸਰੀ ਅਤੇ ਤਾਜੀਆਂ ਸਬਜੀਆਂ/ਫਲਾਂ ਦਾ ਸਟੋਰ ਜਿੱਥੋਂ ਤੁਸੀਂ ਸਭ ਤੋਂ ਘੱਟ ਕੀਮਤਾਂ ਤੇ ਬਹੁਤ ਹੀ ਸਾਫ ਸੁਥਰੀਆਂ ਦਾਲਾਂ ਅਤੇ ਤਾਜੀਆਂ ਸਬਜੀਆਂ, ਹਰ ਪ੍ਰਕਾਰ ਦੀ ਗਰੌਸਰੀ ਖਰੀਦ ਸਕਦੇ ਹੋ, ਸਬਜੀਆਂ ਤੇ ਫਲ ਫਰੂਟ ਹਰ ਰੋਜ ਤਾਜੇ ਮੰਗਵਾਏ ਜਾਂਦੇ ਹਨ।

Opening Hours: 9 am to 9 pm (7Days Week)
PH:206-644-4010

# TEAM ARMY

## REAL ESTATE

Specialties:Buyers's Agent
Listing Agent-Short Sale
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ।

## MORTGAGE

Specialties:Loan Specialist
Many Financing Options Available
*RESIDENTIAL *COMMERCIAL
ਕਿਸੇ ਵੀ ਤਰ੍ਹਾਂ ਦੀ ਕਮਰਸ਼ੀਅਲ ਜਾਂ ਰੈਜੀਡੈਂਸ਼ੀਅਲ ਪ੍ਰਾਪਰਟੀ
ਖਰੀਦਣ ਜਾਂ ਰੀਫਾਇਨੈਂਸਿੰਗ ਲਈ ਕਿਸੇ ਵੀ ਤਰ੍ਹਾਂ ਦੀ ਮੌਰਗੇਜ ਲੈਣ ਲਈ ਯਾਦ ਰੱਖੋ

Maj Parminder (Pari) Mann
Ex Indian Army
SKYLINE PROPERTIES, INC
Cell:425-499-9704
email:parimann@gmail.com




Col Navtej Nijjar
NMLS 1484258
LA Financial Services
Cell:206-334-4035
email:nijjar.n@gmail.com

AUBURN'S
MAIN SUPERMARKET
INDIAN GROCERIES-LIQUOR-WINE
1119E Main St. Auburn, WA 98002
Store hours: Mon-Sat: 8:00 AM - 10:00 PM Sun: 8:00 AM - 9:00 PM
Lowest Prices in Town WIDE VARIETY OF FROZEN FOOD
When you spend $50 or more,get 5% discount
When you spend $100 or more,get 10% discount Discount only apply to Indian Grocery
Apple Farm Paneer $3.99/Lb
Fresh Sugarcane Juice
PANI PURI
Fresh Smoothies
FREE PANI-PURI FRI-SUN (12PM 5PM) ONLY 4 Pani Puri/CUSTOMER
ALL KINDS OF HOUSEHOLD UTENSILS (BARTAN) AVAILABLE
BLANKETS ARE ALSO AVAILABILE IN KING, QUEEN, TWIN SIZES
Fresh SugarCane Juice Everyday
Ph:253-249-7430, Cell:253-205-9981
www.auburnsmainsupermarket.com *All prices are marked down

ਗਰੇਟਰ ਸਿਆਟਲ ਏਰੀਏ ਵਿਚ ਕਿਸੇ ਵੀ ਤਰਾਂ ਦੀ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸਾਡੇ ਨਾਲ ਸੰਪਰਕ ਕਰੋ।
DULAY HOMES
For Residential/ Commercial
• Short Sale
• Foreclosed
• Bank owned
• Hotels/Motels
• Gas Stations
• Vacant Lands
Sukhwant Kaur
206-432-0561
homesbysukhwant@gmail.com
ਭਰੋਸੇਯੋਗ ਸੇਵਾਵਾਂ
ਸਾਡੇ ਲੋਨ ਅਫਸਰ ਤੁਹਾਡੀ ਲੋਨ ਲੈਣ ਵਿਚ ਪੂਰੀ ਮੱਦਦ ਕਰਨਗੇ
Ramanjot Singh
206-503-9880
ramanjot@dulayhomes.com

WEST CAPITAL LENDING
YOUR PREFFERRED LOCAL LENDER
• ਪੰਜਾਬੀ ਕਮਿਊਨਿਟੀ ਲਈ ਬੇਹਤਰ ਸੇਵਾਵਾਂ
• ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਮੱਦਦ
• ਗੈਸ ਸਟੇਸ਼ਨ, ਹੋਟਲ, ਮੋਟਲ, ਰੈਸਟੋਰੈਂਟਾ ਤੇ ਹੋਰ ਛੋਟੇ ਬਿਜ਼ਨਸਾਂ ਲਈ ਵੀ ਅਸੀਂ ਮੋਰਗੇਜ ਦਾ ਪ੍ਰਬੰਧ ਕਰਦੇ ਹਾਂ
-CONVENTIONAL -FHA -VA Loans -30YR/15YR/10YR FIXED -DSCR -P&L -30 DAY SOFR ARM -1099 PROGRAM -7/6 SOFR ARMS -LOT/CUSTOM CONSTRUCTION LOAN AVAILABLE -24/12 BANK STATEMENT LOANS
ਮੋਰਗੇਜ ਸਬੰਧੀ ਕਿਸੇ ਵੀ ਤਰ੍ਹਾਂ ਦੀ ਮੱਦਦ ਜਾਂ ਜਾਣਕਾਰੀ ਲੈਣ ਲਈ ਮੇਰੇ ਨਾਲ ਸੰਪਰਕ ਕਰੋ
ਘੱਟ ਰੇਟਾਂ ਦੀ ਗਰੰਟੀ
KESSHAV SHARMA
BRANCH MANAGER
WEST CAPITAL LENDING
Call/text (425) 239-4517
ksharma@westcapitallending.com
westcapitallending.com
NMLS# 2468293 | NMLS# 1566096 | DRE# 02022356
24 Executive Park, Ste 250 Irvine, CA 92614

HG TAX AND ACCOUNTING
25228 104th AVE SE Suite 103 Kent, WA 98030
IT'S TIME TO SAVE ON YOUR TAXES
OPEN M-F: 10 AM to 6 PM
SAT: 11 AM to 4 PM
SUN: By Appointment
Harpreet Singh, J.D. (253) 202-4516

JAG'S PIZZA
ਇੰਡੀਅਨ ਸਟਾਈਲ ਪੀਜ਼ਾ ਮੈਰਿਸਵੈੱਲ ਵਿਚ
ਜਿੱਥੇ ਤੁਹਾਡੇ ਸਵਾਦ ਅਨੁਸਾਰ ਵਧੀਆ ਅਦਰਕ ਧਨੀਆ ਵਾਲੇ ਮਸਾਲੇਦਾਰ ਤੰਦੂਰੀ ਚਿਕਨ, ਬਟਰ ਚਿਕਨ, ਕੜਾਹੀ ਚਿਕਨ, ਸ਼ਾਹੀ ਪਨੀਰ, ਤੰਦੂਰੀ ਪਨੀਰ, ਕੜਾਹੀ ਪਨੀਰ ਅਤੇ ਹਰ ਤਰ੍ਹਾਂ ਦੇ ਵੈਜੀਟੇਰੀਅਨ ਪੀਜ਼ੇ ਬਣਾਏ ਜਾਂਦੇ ਹਨ
PH:360-386-9508
5830 B, Grove St, Marysville, WA
(Inside Shell Gas Station Plaza)
www.jagspizza.com
OPEN 7 DAYS A WEEK SUNDAY TO THURSDAY:11AM TO 10PM
FRIDAY & SATURDAY:11AM TO 11.30PM

Ready to grow your business?
Count on us for solutions.
Gifty Singh
Bellevue
400 112th Ave NE
206-909-5226
BANNER BANK
bannerbank.com Member FDIC

PUNJAB GROCERY
5108-EVERGREEN WAY SUITE 1B, EVERETT, WA 98203
Bussiness Hours: Mon to Sat 10 a.m to 9 p.m Sun 10am-8pm
ਤਾਜ਼ੀਆਂ ਸਬਜ਼ੀਆਂ, ਫਲ ਫਰੂਟ ਅਤੇ ਭਾਰਤੀ ਗਰੌਸਰੀ ਦਾ ਸਟੋਰ
ਤੁਸੀਂ ਇਥੋਂ ਤਾਜਾ ਮਠਿਆਈਆਂ ਵੀ ਲੈ ਸਕਦੇ ਹੋ
ਇਥੋਂ Organic ਦਾਲਾਂ ਤੇ ਮਸਾਲੇ ਖਰੀਦੋ
$5 Off every $150 Purchase
Online ਗਰੌਸਰੀ ਸ਼ਾਪਿੰਗ ਲਈ www.punjabgrocerymarket.com ਤੇ ਜਾਉ
ਅਸੀਂ Same Day ਡਿਲਿਵਰੀ ਕਰਦੇ ਹਾਂ
instagram@punjabgrocerymarket
Facebook@punjabgrocerymarket
PH:425-970-0097
ਅਸੀਂ ਡੈਬਟ, ਕਰੈਡਿਟ, ਮਾਸਟਰ, ਈ ਬੀ ਟੀ ਕਾਰਡ ਅਤੇ ਫੂਡ ਸਟੈਂਪਸ ਵੀ ਲੈਂਦੇ ਹਾਂ
We acccept All Major Debit, Cr, EBT Card & Food Stamps

ਵਾਸ਼ਿੰਗਟਨ ਦਾ ਸਭ ਤੋਂ ਵੱਡਾ ਇੰਡੀਅਨ ਗਰੌਸਰੀ ਸਟੋਰ
ਇਥੋਂ ਤੁਸੀਂ ਹਰ ਤਰ੍ਹਾਂ ਦੀ ਇੰਡੀਅਨ, ਨੇਪਾਲੀ, ਫਿਜੀ, ਮਿਡਲ ਈਸਟਰਨ, ਏਸ਼ੀਅਨ ਗਰੌਸਰੀ ਲੈ ਸਕਦੇ ਹੋ
GROCERY SINGH
SAT SRI AKAL
LIQUOR - WINE
BEER AVAILABLE
ਇੱਥੇ ਫਰੈੱਸ਼ ਪ੍ਰੋਡਿਊਸ, ਮੀਟ, ਮਠਿਆਈਆਂ ਤੇ ਹੋਰ ਬਹੁਤ ਕੁਝ ਉਪਲਬਧ ਹੈ
We Accept EBT Benefits SNAP
Now HIRING
ਸਾਨੂੰ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ
1825 BROADWAY, EVERETT WA 98201
425-374-7550 / 206-786-0870